# ਕੰਮਕਾਜੀ ਅਤੇ ਜਨਤਕ ਥਾਵਾਂ ਤੇ ਸਿੱਖ ਧਰਮ ਦੇ ਕਕਾਰ ਪਹਿਨਣ ਬਾਰੇ ਰਾਹ ਨੁਮਾਈ (Guidance on the wearing of Sikh articles of faith in the workplace and public spaces)

Equality and Human Rights Commission

## ਤੱਤਕਰਾ


ਮੁੱਖਬੰਧ ........ 1

ਇਹ ਰਾਹ ਨੁਮਾਈ ਕੀ ਹੈ ਅਤੇ ਕਿਸ ਨੂੰ ਪੜ੍ਹਨੀ ਚਾਹੀਦੀ ਹੈ? ........ 1

ਇਸ ਰਾਹ ਨੁਮਾਈ ਕਿਵੇਂ ਸੰਗਠਤ ਕੀਤੀ ਗਈ ਹੈ ਅਤੇ ਤੁਹਾਨੂੰ ਕੀ ਪੜ੍ਹਨਾ ਚਾਹੀਦਾ ਹੈ? ........ 2

ਸ਼ਬਦਾਵਲੀ ਦੀ ਪਰਿਭਾਸ਼ਾ ........ 2

ਕਾਂਡ 1: ਕਾਨੂੰਨ ਕੀ ਆਖਦਾ ਹੈ ........ 5

ਮਾਨਵ ਹੱਕਾਂ ਦਾ ਕਾਨੂੰਨ (ਏਚ.ਆਰ.ਏ.) (Human Rights Act (HRA)) ........ 5

ਬਰਾਬਰੀ ਕਾਨੂੰਨ (Equality Act) 2010 ........ 6

ਜਨਤਕ ਖੇਤਰ ਬਰਾਬਰੀ ਫਰਜ਼ ਕੀ ਹੈ? ........ 8

ਅਪਰਾਧਿਕ ਨਿਆਂ ਕਾਨੂੰਨ ਨਿਰਮਾਣ ਕਿਵੇਂ ਸੰਬੰਧਿਤ ਹੈ? ........ 8

ਸਿੱਖ ਕਕਾਰਾਂ ਲਈ ਕਾਨੂੰਨ ਵਿੱਚ ਹੋਰ ਗੁੰਜਾਇਸ਼ਾਂ ........ 9

ਕਾਂਡ 2: ਰੋਜ਼ਗਾਰ ........ 10

ਮੁੱਖ ਮਸਲੇ ਅਤੇ ਚੰਗੇ ਅਭਿਆਸ ਦੀਆਂ ਉਦਾਹਰਨਾਂ ........ 10

ਪਹਿਰਾਵੇ ਦਾ ਜਾਬਤਾ ........ 10

ਸਿਹਤ ਅਤੇ ਸੁਰੱਖਿਆ ........ 11

ਰੱਖਿਆ ........ 13

ਕਾਂਡ 3: ਵਿੱਦਿਆ ........ 15

ਦਸਤਾਰ ........ 15

ਕੜਾ ........ 15

ਕਿਰਪਾਨ ........ 16

ਕਾਂਡ 4: ਮਾਲ, ਸਹੂਲਤਾਂ ਅਤੇ ਸੇਵਾਵਾਂ ........ 17

ਜਨਤਕ ਇਮਾਰਤਾਂ ਅੰਦਰ ਜਾਣਾ ........ 18

ਸਿਹਤ ਸੇਵਾ ........ 19

ਹਵਾਈ ਅੱਡੇ ........ 20

ਕਾਂਡ 5: ਹੋਰ ਸਹਾਰਾ ........ 22

# ਮੁੱਖਬੰਧ

ਕੁੱਝ ਵਾਰੀ ਸਿੱਖਾਂ ਦੇ ਕਕਾਰ ਪਹਿਨਣੇ ਸੰਸਥਾ ਦੀਆਂ ਲੋੜਾਂ ਪ੍ਰਤੀ ਪ੍ਰਸਪਰ ਵਿਰੋਧੀ ਨਜ਼ਰ ਆ ਸਕਦੇ ਹਨ ਅਤੇ ਸਿੱਖਾਂ ਦੇ ਕਕਾਰਾਂ ਬਾਰੇ ਜਾਣਕਾਰੀ ਦੀ ਘਾਟ ਕਾਰਨ ਅਚੇਤ ਹੀ ਵਿਅਕਤੀਆਂ ਦੇ ਹੱਕਾਂ ਅਤੇ ਸੰਸਥਾ ਦੇ ਹੱਕਾਂ ਵਿੱਚਕਾਰ ਤਣਾ ਪੈਦਾ ਹੋ ਸਕਦਾ ਹੈ।

ਸਿੱਖਾਂ ਦੇ ਕਕਾਰ ਪਹਿਨਣ ਸੰਬੰਧੀ ਗੁੰਜਾਇਸ਼ ਪ੍ਰਦਾਨ ਕਰਨ ਵਾਸਤੇ ਕਾਨੂੰਨ ਨਿਰਮਾਣ ਵਿੱਚ ਹੋਏ ਵਿਕਾਸ ਨੇ ਦਿਖਾਲ ਦਿੱਤਾ ਹੈ ਕਿ ਲੰਮੇਂ ਸਮੇਂ ਤੋਂ ਪੈਦਾ ਹੋਏ ਮਾਲਕਾਂ, ਸੇਵਾ ਪ੍ਰਦਾਤਿਆ ਅਤੇ ਵਿਅਕਤੀਆਂ ਲਈ ਚਿੰਤਾਵਾਂ ਦਾ ਹੱਲ ਮੌਜੂਦ ਹੈ। ਕੁੱਝ ਹੱਦ ਤੱਕ, ਇਨ੍ਹਾਂ ਵਿਕਾਸਾਂ ਨੇ ਸਿੱਖਾਂ ਦੇ ਕਕਾਰ ਪਹਿਨਣ ਵਾਲਿਆਂ ਦੇ ਹੱਕ ਸਪਸ਼ਟ ਕੀਤੇ ਹਨ, ਪਰੰਤੂ ਇਸ ਬਾਰੇ ਹਾਲੇ ਵੀ ਸਮਝਦਾਰੀ ਅਤੇ ਅਭਿਆਸ ਵੱਖ ਵੱਖ ਪੱਧਰ ਤੇ ਹੈ।

ਇਸ ਰਾਹ ਨੁਮਾਈ ਦਾ ਟੀਚਾ ਸਿੱਖਾਂ ਦੇ ਕਕਾਰਾਂ ਅਤੇ ਇਨ੍ਹਾਂ ਦੇ ਪਹਿਨਣ ਨਾਲ ਪੈਦਾ ਹੋ ਸਕਣ ਵਾਲੀਆਂ ਚਿੰਤਾਵਾਂ ਪ੍ਰਤੀ ਸੁਚੇਤਨਤਾ ਉਤਪੰਨ ਕਰਨੀ ਹੈ। ਅਸੀਂ ਆਸ ਕਰਦੇ ਹਾਂ ਕਿ ਵਿਅਕਤੀਆਂ ਅਤੇ ਸੇਵਾ ਉਪਭੋਗੀਆਂ ਦੀਆਂ ਲੋੜਾਂ, ਮਾਲਕਾਂ ਅਤੇ ਜਨਤਕ ਸੇਵਾਵਾਂ ਦੀਆਂ ਲੋੜਾਂ ਨਾਲ ਸੰਤੁਲਤ ਰੱਖਣ ਵਿੱਚ ਇਹ ਲਾਭਕਾਰੀ ਜਾਣਕਾਰੀ ਪ੍ਰਧਾਨ ਕਰੇਗੀ।

### ਇਹ ਰਾਹ ਨੁਮਾਈ ਕੀ ਹੈ ਅਤੇ ਕਿਸ ਨੂੰ ਪੜ੍ਹਨੀ ਚਾਹੀਦੀ ਹੈ?

ਇਹ ਰਾਹ ਨੁਮਾਈ ਸਿੱਖਾਂ ਦੇ ਕਕਾਰ ਪਹਿਨਣ, ਅਤੇ ਨਾਲੇ ਇਨ੍ਹਾਂ ਨਾਲ ਸੰਬੰਧਿਤ ਹੱਕਾਂ, ਜ਼ਿੰਮੇਵਾਰੀਆਂ ਅਤੇ ਫ਼ਰਜ਼ਾਂ ਬਾਰੇ ਵੀ ਵਰਤਮਾਨ ਕਾਨੰਣ ਨਿਰਮਾਣ ਬਾਰੇ ਸਪਸ਼ਟੀਕਰਨ ਦਿੰਦੀ ਹੈ।[1] ਇਹ ਸਪਸ਼ਟ ਕਰਦੀ ਹੈ:

- ਮਾਲਕਾਂ, ਸੇਵਾ ਪ੍ਰਦਾਤਿਆ ਅਤੇ ਸਿੱਖ ਧਰਮ ਦੇ ਵਿਅਕਤੀਆਂ ਲਈ ਸਿੱਖ ਕਕਾਰ ਪਹਿਨਣ ਸੰਬੰਧੀ ਪੇਸ਼ ਆ ਰਹੇ ਮੁੱਖ ਮਸਲੇ, ਅਤੇ
- ਸਿੱਖਾਂ ਦੇ ਕਕਾਰਾਂ ਸੰਬੰਧੀ ਚੰਗਾ ਅਭਿਆਸ।

ਕਾਨੂੰਨ ਬਾਰੇ ਇਹ ਸਪਸ਼ਟਤਾ ਪ੍ਰਦਾਨ ਕਰਨ ਦੇ ਨਾਲ ਯਥਾਰਥੀ ਚੰਗੇ ਅਭਿਆਸ ਦੀਆਂ ਉਦਾਹਰਨਾਂ ਨਾਲ, ਬਰਾਬਰੀ ਅਤੇ ਮਾਨਵ ਹੱਕਾਂ ਦਾ ਕਮਿਸ਼ਨ (Equality and Human Rights Commission) ਆਸ ਕਰਦਾ ਹੈ ਕਿ, ਜਿੱਥੇ ਅਨਿਸ਼ਚਤਤਾ ਜਾਂ ਅਸਹਿਮਤੀ ਹੋਵੇ, ਸਿੱਖਾਂ ਦੇ ਕਕਾਰਾਂ ਦੇ ਪਹਿਨਣ ਸੰਬੰਧੀ ਕਿਸੇ ਵੀ ਗਲਤਫੈਹਮੀ ਦਾ ਹੱਲ ਲੱਭਣ ਲਈ ਇਹ ਰਾਹ ਨੁਮਾਈ ਵਿਅਕਤੀਆਂ ਅਤੇ ਸੰਸਥਾਵਾਂ ਵੱਲੋਂ ਵਰਤੀ ਜਾ ਸਕਦੀ ਹੈ।

ਇਹ ਰਾਹ ਨੁਮਾਈ ਕਾਨੂੰਨ ਦਾ ਅਧਿਕਾਰਕ ਵਰਨਨ ਨਹੀਂ ਹੈ ਅਤੇ ਵਿਅਕਤੀਗਤ ਸਥਿੱਤੀਆਂ ਵਿੱਚ ਕਾਨੂੰਨੀ ਸਲਾਹ ਮਸ਼ਵਰਾ ਪ੍ਰਾਪਤ ਕਰਨ ਦੀ ਥਾਂ ਤੇ ਹੋਣ ਦੇ ਇਰਾਦੇ ਨਾਲ ਨਹੀਂ ਉਤਪਾਦਿੱਤ ਕੀਤੀ ਗਈ।

[1] ਕਿਰਪਾ ਕਰਕੇ ਧਿਆਨ ਦਿਓ ਕਿ ਧਰਮ ਅਤੇ ਸ਼ਰਧਾ ਦਾ ਕਾਨੂੰਨ ਨਿਰਮਾਣ ਦੂਜੇ ਧਰਮਾਂ ਤੇ ਵੀ ਲਾਗੂ ਹੋਵੇਗਾ, ਪਰ ਇਸ ਰਾਹ ਨੁਮਾਈ ਦੇ ਮੰਤਵ ਲਈ ਸਿੱਖਾਂ ਦੇ ਕਕਾਰਾਂ ਦੇ ਪਹਿਨਣ ਉਪਰ ਹੀ ਕੇਂਦ੍ਰਿਤ ਰਹੇਗੀ।

ਜੇ ਤੁਹਾਨੂੰ ਹੇਠ ਲਿੱਖਤ ਦੀ ਲੋੜ ਹੈ ਤਾਂ ਤੁਹਾਨੂੰ ਇਹ ਰਾਹ ਨੁਮਾਈ ਪੜ੍ਹਨੀ ਚਾਹੀਦੀ ਹੈ:

- ਸਿੱਖਾਂ ਦੇ ਕਕਾਰ ਪਹਿਨਣ ਸੰਬੰਧੀ ਕਾਨੂੰਨ ਵਰਤਮਾਨ ਸਮੇਂ ਕਿਵੇਂ ਲਾਗੂ ਹੁੰਦਾ ਹੈ ਬਾਰੇ ਸਪਸ਼ਟੀਕਰਨ
- ਸਿੱਖ ਧਰਮ ਦੇ ਨਿਯਮਾਂ ਦੀ ਪਾਲਣਾ ਕਰਨ ਵਾਲਿਆਂ ਨਾਲ ਸੰਵੇਦਨਸ਼ੀਲਤਾ ਅਤੇ ਨਿਆਂ ਨਾਲ ਨਜਿੱਠਣ ਦੇ ਉੱਤਮ ਅਭਿਆਸ ਦੀਆਂ ਉਦਾਹਰਨਾਂ
- ਸਿੱਖਾਂ ਅਤੇ ਹੋਰਨਾਂ ਦਰਮਿਆਨ ਵਧੇਰੇ ਪ੍ਰਸਪਰ ਸਮਝਦਾਰੀ ਪ੍ਰੋਤਸਾਹਿਤ ਕਰਕੇ ਚੰਗੇ ਨਾਤਿਆਂ ਨੂੰ ਵਧੇਰੇ ਮਜ਼ਬੂਤ ਬਣਾਉਣ ਲਈ ਲਈ ਇੱਕ ਸੰਦ
- ਕੰਮ ਤੇ ਮਾਨ ਅਤੇ ਨਿਆਂ ਪੱਖੋਂ, ਅਤੇ ਸਿੱਖ ਭਾਈਚਾਰੇ ਸੰਬੰਧਿਤ ਸੇਵਾ ਪ੍ਰਦਾਨ ਕਰਨ, ਅਤੇ ਚੰਗੇ ਨਾਤੇ ਪ੍ਰੋਤਸਾਹਿਤ ਕਰਨ ਵਿੱਚ ਨਿੱਜੀ ਅਤੇ ਜਨਤਕ ਖ਼ੇਤਰ ਦੀਆਂ ਸੰਸਥਾਵਾਂ ਲਈ ਰਾਹ ਨੁਮਾਈ, ਅਤੇ
- ਇਸ ਵਿਸ਼ੇ ਬਾਰੇ ਹੋਰ ਸੇਧ ਲਈ ਸੰਪਰਕ।

**ਇਹ ਰਾਹ ਨੁਮਾਈ ਕਿਵੇਂ ਸੰਗਠਤ ਕੀਤੀ ਗਈ ਹੈ ਅਤੇ ਤੁਹਾਨੂੰ ਕੀ ਪੜ੍ਹਨਾ ਚਾਹੀਦਾ ਹੈ?**

ਇਸ ਰਾਹ ਨੁਮਾਈ ਵਰਤਣ ਵਾਲਿਆਂ ਨੂੰ ਲੋੜੀਂਦੀ ਜਾਣਕਾਰੀ ਆਸਾਨੀ ਨਾਲ ਲੱਭਣ ਵਿੱਚ ਮਦਦ ਕਰਨ ਲਈ ਅਸੀਂ ਜਾਣਕਾਰੀ ਦਾ ਹੇਠ ਲਿੱਖਤ ਢੰਗ ਨਾਲ ਪ੍ਰਬੰਧ ਕੀਤਾ ਹੈ:

- ਕਾਂਡ 1 ਵਿੱਚ ਕਾਨੂੰਨ ਨਸਲ ਅਤੇ ਧਰਮ ਜਾਂ ਸ਼ਰਧਾ ਬਾਰੇ ਕੀ ਆਖਦਾ ਹੈ ਬਾਰੇ ਬਿਆਨ ਕੀਤਾ ਗਿਆ ਹੈ।
- ਕਾਂਡ 2 ਵਿੱਚ ਰੋਜ਼ਗਾਰ ਸਥਿੱਤੀਆਂ ਵਿੱਚ ਸਿੱਖ ਕਕਾਰ (ਪੰਜ ਕੱਕੇ ਅਤੇ ਦਸਤਾਰ, ਇਨ੍ਹਾਂ ਬਾਰੇ ਇਸ ਭਾਗ ਵਿੱਚ ਅਗਾਂਹ ਸਪਸ਼ਟੀਕਰਨ ਦਿੱਤਾ ਹੋਇਆ ਹੈ) ਪਹਿਨਣ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਹੋਈ ਹੈ।
- ਕਾਂਡ 3 ਵਿੱਚ ਵਿੱਦਿਆ ਸਥਿੱਤੀਆਂ ਵਿੱਚ ਸਿੱਖ ਕਕਾਰ (ਪੰਜ ਕੱਕੇ ਅਤੇ ਦਸਤਾਰ) ਪਹਿਨਣ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਹੋਈ ਹੈ।
- ਕਾਂਡ 4 ਵਿੱਚ ਮਾਲ, ਸਹੂਲਤਾਂ ਅਤੇ ਸੇਵਾਵਾਂ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਹੋਈ ਹੈ ਅਤੇ ਜਨਤਕ ਇਮਾਰਤਾਂ, ਸਿਹਤ ਸੇਵਾ ਅਤੇ ਹਵਾਈ ਅੱਡਿਆ ਤੇ ਪਹੁੰਚ ਕਰਨ ਉਪਰ ਕੇਂਦ੍ਰਿਤ ਹੈ।
- ਕਾਂਡ 5 ਹੋਰ ਸਹਾਰਾ ਅਤੇ ਜਾਣਕਾਰੀ ਲਈ ਸੋਮੇ ਪੇਸ਼ ਕਰਦਾ ਹੈ।

ਇਹ ਰਾਹ ਨੁਮਾਈ ਕੜਾ, ਕਿਰਪਾਨ ਅਤੇ ਦਸਤਾਰ ਪਹਿਨਣ ਉਪਰ ਕੇਂਦ੍ਰਿਤ ਹੈ, ਕਿਉਂ ਕਿ ਅਮਲੀ ਤੌਰ ਤੇ ਇਹ ਹੀ ਖੇਤਰ ਹਨ ਜੋ ਸ਼ਾਇਦ ਅਨਿਸ਼ਚਤਤਾ ਪੈਦਾ ਕਰਨ ਅਤੇ ਇਸ ਕਰਕੇ ਇਨ੍ਹਾਂ ਸੰਬੰਧੀ ਸੇਧ ਦੀ ਲੋੜ ਹੋਵੇ।

**ਸ਼ਬਦਾਵਲੀ ਦੀ ਪਰਿਭਾਸ਼ਾ**

*ਸਿੱਖ/ਸਿੱਖ ਧਰਮ*

ਸਿੱਖ ਧਰਮ ਸੰਸਾਰ ਦਾ ਇੱਕ ਸੱਭ ਤੋਂ ਨਵਾਂ ਪ੍ਰਮੁੱਖ, ਇੱਕ ਵਾਹਿਗੁਰੂ ਨੂੰ ਮੰਨਣ ਵਾਲਾ ਧਰਮ ਹੈ, ਜਿਸ ਦੀ ਅਰੰਭਤਾ 15ਵੀਂ ਸਦੀ ਦੇ ਆਖ਼ਰੀ ਅਤੇ 16ਵੀਂ ਸਦੀ ਦੇ ਪਹਿਲ ਸੀ.ਈ. (ਏ.ਡੀ.) ਤੋਂ ਹੁੰਦੀ ਹੈ। ਇਸ ਦੇ ਬਾਨੀ, ਸ਼੍ਰੀ ਗੁਰੂ ਨਾਨਕ ਦੇਵ ਜੀ, ਦਾ ਜਨਮ 1469 ਵਿੱਚ ਪੰਜਾਬ ਵਿੱਚ ਹੋਇਆ, ਜੋ ਇਲਾਕਾ ਹੁਣ ਪਾਕਿਸਤਾਨ ਵਿੱਚ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਦ ਨੌ ਗੁਰੂਆਂ ਨੇ ਅਵਤਾਰ ਧਾਰਿਆ।10ਵੇਂ ਗੁਰੂ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ (1666-1708), ਨੇ ਹੁਕਮ ਦਿੱਤਾ ਕਿ ਉਸ ਤੋਂ ਬਾਦ ਉਸ ਦੀ ਥਾਂ ਤੇ, ਕੋਈ ਵਿਅਕਤੀ ਨਹੀਂ ਹੋਵੇਗਾ, ਪਰੰਤੂ ਸਿੱਖ ਗੁਰੂਆਂ ਅਤੇ ਸੰਤਾਂ ਦੇ ਉਪਦੇਸ਼ ਜੋ ਅਧਿਆਤਮਕ ਗੁਰਬਾਣੀ ਵਿੱਚ ਸੰਗਠਤ ਕੀਤੇ ਹੋਣੇਗੇ: ਸ਼੍ਰੀ ਗੁਰੂ ਗ੍ਰੰਥ ਸਾਹਿਬ ਹੋਵੇਗਾ। ਅੱਜ, ਸਿੱਖਾਂ ਲਈ ਗੁਰਬਾਣੀ ਸਰਬਉੱਚੀ ਸ਼ਕਤੀ ਹੈ, ਜੋ ਜੀਵਨ ਵਿੱਚ ਹਰ ਸਥਿੱਤੀ ਬਾਰੇ ਸੇਧ ਪੇਸ਼ ਕਰਦੀ ਹੈ ਅਤੇ ਨਿੱਜੀ ਪਰਿਵਰਤਨ ਨੂੰ ਉਤਸ਼ਾਹਿਤ ਕਰਦੀ ਹੈ।

ਬ੍ਰਤਾਨੀਆ ਵਿੱਚ ਸਿੱਖ ਮਹਤੱਵਪੂਰਨ ਧਾਰਮਿਕ ਅਤੇ ਨਸਲੀ ਘੱਟ ਗਿਣਤੀ ਦਾ ਭਾਈਚਾਰਾ ਹੈ। ਜਿੱਥੇ ਯੂਨਾਈਟੱਡ ਕਿੰਗਡਮ ਵਿੱਚ ਸਿੱਖ ਸੱਭ ਇਲਾਕਿਆਂ ਵਿੱਚ ਮੌਜੂਦ ਹਨ, 2001 ਦੀ ਮਰਦਮ ਸ਼ੁਮਾਰੀ ਅਨੁਸਾਰ ਇਨ੍ਹਾਂ ਦੀ ਜਿਆਦਾ ਗਿਣਤੀ, ਪੱਛਮ ਅਤੇ ਪੂਰਬ ਲੰਡਨ, ਉੱਤਰ ਕੈਂਟ, ਪੱਛਮ ਮਿਡਲੈਂਡਜ਼ ਅਤੇ ਪੱਛਮ ਯੌਰਕਸ਼ਰ ਵਿੱਚ ਹੈ।

ਅੱਜ ਸੰਸਾਰ ਭਰ ਵਿੱਚ ਅਨੁਮਾਨ ਅਨੁਸਾਰ 24 ਮਿਲੀਅਨ ਤੋਂ ਜਿਆਦਾ ਸਿੱਖ ਹਨ। ਇਨ੍ਹਾਂ ਦਾ ਸੱਭ ਧਰਮਾਂ ਦਾ ਸਤਿਕਾਰ ਕਰਨ ਅਤੇ ਧਾਰਮਿਕ ਆਜਾਦੀ ਨੂੰ ਪ੍ਰੋਸਾਹਿਤ ਕਰਨ ਦਾ ਲੰਮਾ ਇਤਹਾਸ ਹੈ, ਅਤੇ ਸਿੱਖ ਉਪਦੇਸ਼ ਦੂਜਿਆਂ ਨੂੰ ਧਰਮ ਬਦਲਣ ਲਈ ਨਹੀਂ ਸਿੱਖਿਆ ਦਿੰਦੇ। ਬਹੁਤੇ ਸਿੱਖ ਆਪਣਾ ਮੂਲ ਅਸਥਾਨ ਪੰਜਾਬ (ਇੰਡੀਆ) ਨੂੰ ਮੰਨਦੇ ਹਨ, ਪਰ ਕੁੱਝ ਗਿਣਤੀ ਦੇ ਸਿੱਖ ਦੱਖ਼ਣ ਏਸ਼ੀਆਈ ਮੂਲ ਦੇ ਨਹੀਂ ਹਨ, ਅਤੇ ਅਸਲ ਵਿੱਚ, ਉਦਾਹਰਨ ਵੱਜੋਂ, ਪੂਰਬ ਏਸ਼ੀਆਈ, ਯੋਰੋਪੀ, ਅਫਰੀਕਣ ਅਤੇ ਅਫਰੀਕਣ-ਕੈਰੀਬੀਅਨ ਵਿਰਾਸਤ ਦੇ ਹਨ। ਸੱਭ ਅਮ੍ਰਿਤਧਾਰੀ ਸਿੱਖਾਂ ਨੂੰ ਉਨ੍ਹਾਂ ਦਾ ਅਧਿਆਮਕ ਨਿਯਮਾਂ ਦੀ ਪਾਲਣਾ ਇਕੱਠੇ ਕਰਦੀ ਹੈ, ਜੋ ਪੰਜ ਕਕਾਰ ਅਤੇ ਦਸਤਾਰ ਪਹਿਨਣ ਨਾਲ ਪ੍ਰਤੀਬਿੰਬਤ ਹਨ।

*ਪੰਜ ਕਕਾਰ ਅਤੇ ਦਸਤਾਰ*

ਸੱਭ ਅਮ੍ਰਿਤਧਾਰੀ ਸਿੱਖ (ਜਿਨ੍ਹਾਂ ਨੂੰ ਅਮ੍ਰਿਤਧਾਰੀ ਸਿੱਖ ਵੀ ਆਖਦੇ ਹਨ) ਨੂੰ ਆਪਣੇ ਧਾਰਮਿਕ ਕਕਾਰ ਪਹਿਨਣੇ ਲਾਜ਼ਮੀ ਹਨ, ਦਸਤਾਰ ਅਤੇ ਪੰਜ ਕੱਕੇ (ਪੰਜ ਕਕਾਰ), ਹਰ ਸਮੇਂ ਪਹਿਨਣੇ ਜਰੂਰੀ ਹਨ। ਇਹ ਭੌਤਿਕ ਧਾਰਮਿਕ ਕਕਾਰ ਹਨ ਅਤੇ ਬਹੁਤੇ ਅਮ੍ਰਿਤਧਾਰੀ ਸਿੱਖਾਂ ਦਾ ਵਿਸ਼ਵਾਸ ਹੈ ਕਿ ਇਨ੍ਹਾਂ ਦੀ ਥਾਂ ਤੇ ਪ੍ਰਤੀਰੂਪ ਸੰਕੇਤਕ ਚਿੰਨ੍ਹ ਨਹੀਂ ਪਹਿਨੇ ਜਾ ਸਕਦੇ।

ਪੰਜ ਕਕਾਰ ਇਹ ਹਨ:

- ਕੰਘਾ: ਦਸਤਾਰ ਦੇ ਅੰਦਰ, ਕੇਸਾਂ ਵਿੱਚ ਹਰ ਸਮੇਂ ਪਹਿਨਿਆਂ ਜਾਂਦਾ ਇੱਕ ਛੋਟਾ ਲੱਕੜੀ ਦਾ ਕੰਘਾ। ਇਹ ਅਧਿਆਤਮਕ ਸੰਜਮ ਅਤੇ ਪਵਿੱਤਰਤਾ ਦਾ ਪ੍ਰਤੀਕ ਹਨ।
- ਕਿਰਪਾਨ: ਵਿਅਕਤੀ ਦੇ ਕੱਪੜਿਆਂ ਉੱਪਰ ਜਾਂ ਹੇਠਾਂ ਦੀ ਪਹਿਨਿਆਂ ਜਾਂਦਾ ਢੱਕਿਆ ਹੋਇਆ ਵਕਰ ਬਲੇਡ। ਇਹ ਝੂਠ ਨੂੰ ਕੱਟਣ ਦੀ ਸੱਚ ਵਿੱਚ ਸ਼ਕਤੀ ਦਾ ਚਿੰਨ੍ਹ ਹੈ, ਅਤੇ ਇਹ ਕੋਲ ਖ਼ੜ੍ਹਨ ਦੀ ਬਜਾਏ, ਹਿੰਸਾ ਨੂੰ ਰੋਕਣ ਦੇ ਫਰਜ਼ ਦੀ ਯਾਦ ਦਹਾਨੀ ਹੈ। ਕਿਰਪਾਨ 'ਕਿਰਪਾ' (ਮੇਹਰ ਅਤੇ ਦਿਆਲਤਾ) ਅਤੇ 'ਆਨ' (ਦਾ ਅਰਥ ਇੱਜ਼ਤ ਅਤੇ ਮਾਨ) ਦੇ ਸੰਕਲਪਾਂ ਨਾਲ ਸੰਬੰਧਿਤ ਹੈ।
- ਕੜਾ: ਲੋਹੇ ਜਾਂ ਸਟੀਲ ਦਾ ਕੜਾ, ਜੋ ਗੁੱਟ ਉੱਪਰ ਪਹਿਨਿਆ ਜਾਂਦਾ ਹੈ। ਇਹ ਸਿੱਖਾਂ ਨੂੰ ਯਾਦ ਕਰਾਉਂਦਾ ਹੈ ਕਿ ਉਨ੍ਹਾਂ ਨੇ ਵਾਹਿਗੂਰੂ ਨਾਲ ਵਚਨਬੱਧਤਾ ਕੀਤੀ ਹੈ ਅਤੇ ਵਿਅਕਤੀਆਂ ਲਈ ਇੱਕ ਲਗਾਤਾਰ ਯਾਦ ਦਹਾਨੀ ਵੱਜੋਂ ਕੰਮ ਕਰਦਾ ਹੈ ਕਿ ਉਨ੍ਹਾਂ ਨੂੰ ਅਨੈਤਿਕ ਜਾਂ ਬੁਰਾਈ ਦੇ ਕੰਮਾਂ ਤੋਂ ਆਪਣੇ ਆਪ ਨੂੰ ਰੋਕਣਾ ਚਾਹੀਦਾ ਹੈ।
- ਕਛਿਹਰਾ (ਜਾਂ ਕੱਛ ਜਾਂ ਕੱਛਾ): ਖਾਸ ਕੌਟਨ ਦੀ ਕੱਪੜਿਆਂ ਹੇਠਾਂ ਪਾਉਣ ਵਾਲੀ ਨਿਕਰ ਜੋ ਵਫਾਦਾਰੀ ਅਤੇ ਨੈਤਿਕਤਾ ਦਾ ਪ੍ਰਤੀਕ ਹੈ।
- ਕੇਸ: ਵਾਲ, ਜੋ ਵਾਹਿਗੁਰੂ ਤੋਂ ਇੱਕ ਤੋਹਫਾ ਮੰਨੇ ਜਾਂਦੇ ਹਨ, ਕੱਟੇ ਨਹੀਂ ਜਾਂਦੇ, ਅਤੇ ਦਰ ਸਮੇਂ ਢੱਕੇ ਹੁੰਦੇ ਹਨ।

ਟਰਬਨ (ਜਿਸ ਨੂੰ ਦਸਤਾਰ, ਪੱਗ ਅਤੇ ਪੱਗੜੀ ਵੀ ਆਖਦੇ ਹਨ) ਇੱਕ ਖੁੱਲੇ ਕੱਪੜੇ ਦਾ ਲੰਮਾ ਟੋਟਾ ਹੈ ਜੋ ਕੇਸਾਂ ਨੂੰ ਢੱਕਣ ਲਈ ਸਿਰ ਦੇ ਦੁਆਲੇ ਵਲ੍ਹੇਟਿਆ ਅਤੇ ਬੰਨਿਆ ਜਾਂਦਾ ਹੈ। ਜਿੱਥੇ ਇਹ ਪੰਜ ਕਕਾਰਾਂ ਵਿੱਚੋਂ

ਇੱਕ ਕਕਾਰ ਨਹੀਂ ਹੈ, ਅਮ੍ਰਿਤਧਾਰੀ ਸਿੱਖ ਲਈ ਦਸਤਾਰ ਪਹਿਨਣੀ ਲਾਜ਼ਮੀ ਹੈ। ਇਸ ਨੂੰ ਸਰੀਰ ਦਾ ਇੱਕ ਅੰਗ ਸਮਝਿਆ ਜਾਂਦਾ ਹੈ ਅਤੇ ਸਿੱਖ ਪਛਾਣ ਦਾ ਇੱਕ ਜ਼ਰੂਰੀ ਅੰਗ ਹੈ।

ਆਮ ਤੌਰ ਤੇ ਵਧੇਰੇ ਕਰਕੇ ਮਰਦ ਹੀ ਦਸਤਾਰ ਪਹਿਨਦੇ ਹਨ, ਅਤੇ ਇਸਤਰੀਆਂ ਨੂੰ ਕੇਸ ਢੱਕਣ ਦੀ ਕੋਈ ਪਬੰਧੀ ਨਹੀਂ। ਐਪਰ, ਕੁੱਝ ਇਸਤਰੀਆਂ ਸਿਰ ਉੱਪਰ ਚੁੰਨ੍ਹੀ (ਲੰਮਾ ਸਕਾਰਫ) ਲੈ ਲੈਂਦੀਆਂ ਹਨ, ਅਤੇ ਕੁੱਝ ਛੋਟਾ ਸਕਾਰਫ ਪਹਿਨ ਦੀਆਂ ਹਨ ਜਿਸ ਨੂੰ ਕੇਸਕੀ ਆਖਦੇ ਹਨ। ਛੋਟੇ ਮੁੰਡਿਆਂ ਦੇ ਆਪਣੇ ਆਪ ਦਸਤਾਰ ਬੰਨ੍ਹ ਸਕਣ ਤੋਂ ਪਹਿਲਾਂ, ਕੇਸ ਜੂੜ੍ਹਾ ਕਰਕੇ ਰੱਖੇ ਜਾਂਦੇ ਅਤੇ ਪਟਕਾ ਨਾਮੀ ਸਕਾਰਫ ਨਾਲ ਢੱਕੇ ਜਾਂਦੇ ਹਨ।

ਇਸ ਵੱਲ ਧਿਆਨ ਦੇਣਾ ਜਰੂਰੀ ਹੈ ਕਿ ਇਨ੍ਹਾਂ ਦੀ ਧਾਰਮਿਕ ਮਹੱਤਤਾ ਹੋਣ ਦੇ ਨਾਲ, ਦੋਵੇਂ ਕੜਾ ਅਤੇ ਦਸਤਾਰ ਸਿੱਖਾਂ ਦੀ ਸੱਭਿਆਚਾਰਕ ਅਤੇ ਨਸਲੀ ਪਛਾਣ ਲਈ ਬਹੁਤ ਜਿਆਦਾ ਮਹਤੱਵਪੂਰਨ ਹਨ, ਅਤੇ ਗੈਰ-ਅਮ੍ਰਿਤਧਾਰੀ ਸਿੱਖਾਂ ਦੇ ਵੀ ਪਹਿਨੇ ਹੋ ਸਕਦੇ ਹਨ।

## ਕਾਂਡ 1: ਕਾਨੂੰਨ ਕੀ ਆਖਦਾ ਹੈ

ਇਹ ਭਾਗ ਵਿੱਚ ਆਪਣੇ ਧਰਮ ਦੀਆਂ ਮੂਲ ਵਸਤੂਆਂ ਪਹਿਨਣ ਵਾਲੇ ਸਿੱਖਾਂ ਦੀ ਰੱਖਿਆ ਕਰਨ ਵਾਲੇ ਕਾਨੂੰਨ ਨਿਰਮਾਣ ਦੇ ਮੁੱਖ ਹਿੱਸਿਆਂ ਦੀ ਰੂਪਰੇਖਾ ਅਤੇ ਸੰਖੇਪ ਦਿੱਤਾ ਗਿਆ ਹੈ।

ਆਮ ਤੌਰ ਤੇ ਕਾਨੂੰਨ ਧਾਰਮਿਕ ਵਸਤੂਆਂ ਪਹਿਨ ਕੇ ਆਪਣੇ ਧਰਮ ਨੂੰ ਪ੍ਰਗਟ ਕਰਨ ਲਈ ਵਿਅਕਤੀਆਂ ਦੇ ਹੱਕਾਂ ਦੀ ਰਾਖੀ ਕਰਦਾ ਹੈ। ਜਿੱਥੇ ਕੰਮ, ਵਿੱਦਿਆ ਜਾਂ ਜਨਤਕ ਥਾਵਾਂ ਤੇ ਇਹ ਹੱਕ ਘਟਾਇਆ ਜਾਵੇ, ਤਾਂ ਨਿਰਪੱਖ ਤੌਰ ਤੇ ਇਸ ਨੀਤੀ ਨੂੰ ਜਾਇਜ਼ ਸਾਬਤ ਕਰਨਾ ਅਤੇ ਯਕੀਨੀ ਬਣਾਉਣਾ ਕਿ ਸੱਭ ਬੰਦਸ਼ਾਂ ਅਨੁਰੂਪ ਹੋਣ ਸੰਬੰਧਿਤ ਸੰਸਥਾ ਜਾਂ ਕਾਰੋਬਾਰ ਦੀ ਜ਼ਿੰਮੇਵਾਰੀ ਬਣਦੀ ਹੈ। ਪਹਿਰਾਵੇ ਦੇ ਜਾਬਤੇ ਅਤੇ ਸੁਰੱਖਿਆ ਉਪਰਾਲਿਆਂ ਵਰਗੇ ਨਿਯਮ ਜੋ ਸੱਭ ਤੇ ਲਾਗੂ ਹੁੰਦੇ ਹਨ ਪਰ ਜਿਨ੍ਹਾਂ ਨਾਲ ਖਾਸ ਤੌਰ ਤੇ ਸਿੱਖਾਂ ਨੂੰ ਉਖਿਆਈ ਪਹੁੰਚ ਦੀ ਹੈ, ਜੇ ਇਸ ਨੂੰ ਜਾਇਜ਼ ਸਾਬਤ ਨਾ ਕੀਤਾ ਜਾ ਸਕੇ ਤਾਂ ਇਹ ਅਸਿੱਧਾ ਵਿੱਤਕਰਾ ਹੋ ਸਕਦਾ ਹੈ।

ਸਿੱਖ ਦੋਵੇਂ ਨਸਲੀ ਅਤੇ ਧਾਰਮਿਕ ਸਮੂਹ ਹਨ ਅਤੇ ਇਸ ਕਰਕੇ ਨਸਲੀ ਅਤੇ ਧਾਰਮਿਕ ਵਿੱਤਕਰੇ ਤੋਂ ਵੀ ਇਨ੍ਹਾਂ ਦੀ ਰੱਖਿਆ ਹੈ। ਇਸ ਅਸੂਲ ਦਾ ਫੈਸਲਾ ਹਾਊਸ ਔਫ ਲੌਰਡਜ਼ (House of Lords) ਨੇ (ਮੰਡਲਾ ਬਨਾਮ ਡਾਉਲ-ਲੀ ਕੇਸ [1983] 2 ਏ.ਸੀ. 548) (the Mandla v Dowell-Lee case [1983] 2 AC 548) ਵਿੱਚ ਕੀਤਾ ਸੀ।

**ਮਾਨਵ ਹੱਕਾਂ ਦਾ ਕਾਨੂੰਨ (ਏਚ.ਆਰ.ਏ) (The Human Rights Act (HRA)[2]**

ਮਾਨਵ ਹੱਕ ਬੁਨਿਆਦੀ ਹੱਕ, ਨਾਗਰਿਕ ਸਵੈਧੀਨਤਾ ਅਤੇ ਆਜਾਦੀ ਹੈ ਜੋ ਸੰਸਾਰ ਵਿੱਚ ਹਰ ਵਿਅਕਤੀ ਦੇ ਹਨ, ਅਤੇ ਇਨ੍ਹਾਂ ਵਿੱਚ ਜੀਣ ਦਾ ਅਧਿਕਾਰ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਵੀ ਸ਼ਾਮਲ ਹਨ। ਮਾਨਵ ਹੱਕ ਮਾਨ, ਨਿਆਂ, ਬਰਾਬਰੀ, ਸਤਿਕਾਰ ਅਤੇ ਖੁਦਮੁਖਤਾਰੀ ਵਰਗੇ ਮੂਲ ਅਸੂਲਾਂ ਉਪਰ ਅਧਾਰਿਤ ਹਨ। ਮਾਨਵ ਹੱਕ ਕਾਨੂੰਨ (Human Rights Act) 1998 ਇਨ੍ਹਾਂ ਬੁਨਿਆਦੀ ਮਾਨ ਹੱਕਾਂ ਨੂੰ ਸਪਸ਼ਟ ਕਰਦਾ ਹੈ। ਇਹ ਵਿਅਕਤੀ ਦੇ ਹੱਕਾਂ ਨੂੰ ਵਿਸਤਰਤ ਭਾਈਚਾਰੇ ਦੇ ਹੱਕਾਂ, ਅਤੇ ਸਰਕਾਰ ਦੀ ਇਨ੍ਹਾਂ ਹੱਕਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਦੇ ਟਾਕਰੇ ਤੇ ਸੰਤੁਲਨ ਕਰਨ ਲਈ ਢਾਂਚਾ ਪ੍ਰਦਾਨ ਕਰਦਾ ਹੈ। ਜਨਤਕ ਹੁਕਮਰਾਨਾਂ ਦੀ ਏਚ.ਆਰ.ਏ. (HRA) ਅਧੀਨ ਇਨ੍ਹਾਂ ਬੁਨਿਆਦੀ ਹੱਕਾਂ ਦੀ ਰਾਖੀ ਕਰਨ ਅਤੇ ਇਨ੍ਹਾਂ ਹੱਕਾਂ ਨੂੰ ਪ੍ਰੋਤਸਾਹਿਤ ਕਰਨ ਦੀ ਜ਼ਿੰਮੇਵਾਰੀ ਹੈ।

ਇਸ ਰਾਹ ਨੁਮਾਈ ਨਾਲ ਏਚ.ਆਰ.ਏ. ਧਾਰਾ 9 (HRA Article 9) (ਚਿੰਤਨ, ਜਮੀਰ ਅਤੇ ਧਰਮ ਦੀ ਆਜਾਦੀ) (Freedom of thought, conscience and religion) ਅਤੇ ਧਾਰਾ 14 (Article 14) ((ਵਿੱਤਕਰੇ ਦੀ ਮਨਾਹੀ (prohibition of discrimination): ਮਾਨਵ ਹੱਕਾਂ ਦੇ ਯੋਰੋਪੀ ਕੌਨਵੈਨਸ਼ਨ ਵਿੱਚ ਸ਼ਾਮਲ ਵਿੱਤਕਰਾ ਰਹਿਤ ਹੱਕ ਅਤੇ ਆਜਾਦੀਆਂ ਮਾਨਣ ਦਾ ਹੱਕ (the right to enjoy without discrimination the rights and freedoms contained in the European

---

[2] http://www.equalityhumanrights.com/human-rights/what-are-human-rights/the-human-rights-act/

Convention on Human Rights)) ਵਿਸ਼ੇਸ਼ ਤੌਰ ਤੇ ਸੰਬੰਧਿਤ ਹਨ। ਹਰ ਇੱਕ ਧਾਰਾ ਦੇ ਮਤਲਬ ਬਾਰੇ ਵਧੇਰੇ ਵੇਰਵਾ ਕਮਿਸ਼ਨ ਦੇ ਵੈਬਸਾਈਟ[3] ਤੇ ਲੱਭਿਆ ਜਾ ਸਕਦਾ ਹੈ।

**ਮਾਨਵ ਹੱਕਾਂ ਦਾ ਕਾਨੂੰਨ (Human Rights Act) 1998**

**ਧਾਰਾ (Article) 9: ਚਿੰਤਨ, ਜਮੀਰ ਅਤੇ ਧਰਮ ਦੀ ਆਜਾਦੀ (Freedom of thought, conscience and religion)**

1. ਸੱਭ ਨੂੰ **ਚਿੰਤਨ, ਜਮੀਰ ਅਤੇ ਧਰਮ ਦੀ ਆਜਾਦੀ** (right to freedom of thought, conscience and religion) ਦਾ ਹੱਕ ਹੈ; ਇਸ ਹੱਕ ਵਿੱਚ ਉਨ੍ਹਾਂ ਨੂੰ ਆਪਣਾ ਧਰਮ ਜਾਂ ਸ਼ਰਧਾ ਬਦਲਣ ਦੀ ਆਜਾਦੀ, ਅਤੇ ਇਕੱਲਿਆਂ ਜਾਂ ਭਾਈਚਾਰੇ ਵਿੱਚ ਦੂਜਿਆਂ ਨਾਲ, ਲੋਕਾਂ ਵਿੱਚ ਜਾਂ ਇਕਾਂਤ ਵਿੱਚ, ਆਪਣਾ ਧਰਮ ਜਾਂ ਸ਼ਰਧਾ, ਪ੍ਰਾਥਨਾ, ਸਿੱਖਲਾਈ, ਅਭਿਆਸ ਜਾਂ ਪਾਲਣਾ ਵਿੱਚ ਪ੍ਰਗਟ ਕਰਨ ਦੀ ਆਜਾਦੀ।

2. ਆਪਣਾ ਧਰਮ ਜਾਂ ਸ਼ਰਧਾ ਪ੍ਰਗਟ ਕਰਨ ਦੀ ਆਜਾਦੀ ਉੱਪਰ ਕੇਵਲ ਉਹ ਹੀ ਬੰਦਸ਼ਾਂ ਲਾਗੂ ਹੋਣਗੀਆਂ ਜੋ ਕਾਨੂੰਨ ਨੇ ਨੀਯਤ ਕੀਤੀਆਂ ਹੋਣ ਅਤੇ ਲੋਕਤੰਤਰ ਸਮਾਜ ਵਿੱਚ ਜਨਤਕ ਸੁਰੱਖਿਆ ਦੇ ਹਿੱਤਾਂ ਵਿੱਚ ਹੋਣ, ਜਨਤਕ ਤਰਤੀਬ, ਸਿਹਤ ਜਾਂ ਨੈਤਕਾਂ ਦੀ ਰੱਖਿਆ, ਜਾਂ ਦੂਜਿਆਂ ਦੇ ਹੱਕਾਂ ਜਾਂ ਆਜਾਦੀਆਂ ਦੀ ਰੱਖਿਆ ਲਈ ਜਰੂਰੀ ਹੋਣ।

**ਧਾਰਾ 14: ਵਿੱਤਕਰੇ ਦੀ ਮਨਾਹੀ (Prohibition of discrimination)**

ਇਸ ਕੌਨਵੈਨਸ਼ਨ ਵਿੱਚ ਵਰਨਨ ਕੀਤੇ ਹੱਕ ਅਤੇ ਆਜਾਦੀਆਂ ਮਾਣਨ ਦੀ ਸਹੂਲਤ ਲਿੰਗ, ਨਸਲ, ਰੰਗ, ਭਾਸ਼ਾ, ਧਰਮ, ਸਿਆਸੀ ਜਾਂ ਹੋਰ ਰਾਏ, ਕੌਮੀ ਜਾਂ ਸਮਾਜਿਕ ਮੂਲ, ਕੌਮੀ ਘੱਟ ਗਿਣਤੀ ਨਾਲ ਨਾਤਾ, ਜਾਇਦਾਦ, ਜਨਮ ਜਾਂ ਹੋਰ ਪਦਵੀ ਵਰਗੇ ਅਧਾਰ ਤੋਂ ਵਿਤਕਰਾ ਰਹਿ ਯਕੀਨੀ ਬਣਾਈ ਜਾਵੇਗੀ।

## ਬਰਾਬਰੀ ਕਾਨੂੰਨ (The Equality Act) 2010

ਬਰਾਬਰੀ ਕਾਨੂੰਨ (The Equality Act[4]) ਪਹਿਲੇ ਵਿੱਤਕਰੇ ਦੇ ਕਾਨੂੰਨ ਨਿਰਮਾਣ ਨੂੰ ਇਕੱਠਾ ਕਰਦਾ ਅਤੇ ਮੁੜ-ਬਿਆਨ ਕਰਦਾ ਹੈ। ਇਸ ਕਾਨੂੰਨ ਅਧੀਨ ਕਿਸੇ ਵਿਅਕਤੀ ਨੂੰ ਦੂਜੇ ਵਿਅਕਤੀ ਦੇ ਵਿਰੁੱਧ ਨਸਲ ਕਰਕੇ ਵਿੱਤਕਰਾ ਕਰਨਾ ਗੈਰ-ਕਾਨੂੰਨੀ ਹੈ। ਕਾਨੂੰਨ ਬਿਆਨ ਕਰਦਾ ਹੈ ਕਿ ਨਸਲ ਵਿੱਚ ਰੰਗ, ਕੌਮੀਅਤ ਅਤੇ ਨਸਲੀ ਜਾਂ ਕੌਮੀ ਮੂਲ ਵੀ ਸ਼ਾਮਲ ਹੈ।

ਇਸ ਕਾਨੂੰਨ ਅਧੀਨ ਦੂਜੇ ਵਿਅਕਤੀ ਦੇ ਵਿਰੁੱਧ ਉਨ੍ਹਾਂ ਦੇ ਧਰਮ ਜਾਂ ਸ਼ਰਧਾ, ਜਿੱਥੇ ਸ਼ਰਧਾ ਦਾ ਮਤਲਬ ਹੈ ਕੋਈ ਵੀ ਧਾਰਮਿਕ ਹਾਂ ਦਰਸ਼ਨਿਕ ਵਿਸਵਾਸ਼, ਕਰਕੇ ਵਿੱਤਕਰਾ ਕਰਨਾ ਗੈਰ-ਕਾਨੂੰਨੀ ਹੈ।

[3] ਧਾਰਾ (Article) 9: http://www.equalityhumanrights.com/human-rights/what-are-human-rights/the-human-rights-act/freedom-of-thought-belief-and-religion/ ਅਤੇ ਧਾਰਾ (Article) 14: http://www.equalityhumanrights.com/human-rights/what-are-human-rights/the-human-rights-act/protection-from-discrimination/

[4] http://www.opsi.gov.uk/acts/acts2010/pdf/ukpga_20100015_en.pdf

ਇਹ ਕਾਨੂੰਨ ਸਿੱਧਾ (direct) ਅਤੇ ਅਸਿੱਧਾ ਵਿਤਕਰਾ (indirect discrimination), ਤੰਗੀ ਪਰੇਸ਼ਾਨੀ (harassment) ਅਤੇ ਸ਼ਿਕਾਰ ਬਣਾਉਣ (victimisation) ਦੇ ਸੰਕਲਪਾਂ ਨੂੰ ਪਰਿਭਾਸ਼ਤ ਕਰਦਾ ਹੈ। ਇਸ ਰਾਹ ਨੁਮਾਈ ਦੇ ਮੰਤਵਾਂ ਲਈ ਇਥੇ ਅਸੀਂ ਨਸਲ ਅਤੇ ਧਰਮ ਜਾਂ ਸ਼ਰਧਾ ਨਾਲ ਸੰਬੰਧਿਤ ਇਨ੍ਹਾਂ ਪਰਿਭਾਸ਼ਾਂਵਾਂ ਨੂੰ ਬਿਆਨ ਕਰਦੇ ਹਾਂ:

- ਸਿੱਧਾ ਵਿਤਕਰਾ (direct discrimination) ਉਸ ਸਮੇ ਹੁੰਦਾ ਹੈ ਜਦੋਂ ਵਿਅਕਤੀ ਨਾਲ ਨਸਲ, ਜਾਂ ਧਰਮ ਜਾਂ ਸ਼ਰਧਾ **ਕਰਕੇ** ਦੂਜਿਆਂ ਨਾਲੋਂ 'ਘੱਟ ਲਾਹੇਵੰਦ' ('less favourably') ਢੰਗ ਨਾਲ ਨਜਿੱਠਿਆ ਜਾਵੇ।
- ਅਸਿੱਧਾ ਵਿਤਕਰਾ (indirect discrimination) ਉਸ ਸਮੇ ਹੁੰਦਾ ਹੈ ਜਦੋਂ ਵਿਅਕਤੀ ਸੱਭ ਉਪਰ ਨੀਤੀ ਲਾਗੂ ਕਰਦਾ ਹੈ ਜੋ ਸੁਰੱਖਿਅਤ ਲੱਛਣ (protected characteristic) ਵਾਲੇ ਵਿਅਕਤੀ (ਇਸ ਸਥਿੱਤੀ ਵਿੱਚ ਨਸਲ ਜਾਂ ਧਰਮ ਜਾਂ ਸ਼ਰਧਾ) ਅਤੇ ਇਹ ਲੱਛਣ ਵਾਲੇ ਦੂਜਿਆਂ ਲਈ ਖਾਸ ਤੌਰ ਤੇ ਹਾਨੀਕਾਰਕ ਹੁੰਦੀ ਹੈ ਅਤੇ ਜਿਸ ਨੂੰ ਜਾਇਜ਼ ਟੀਚਾ ਪ੍ਰਾਪਤ ਕਰਨ ਲਈ ਅਨੁਰੂਪ ਸਾਧਨ ਨਾ ਸਾਬਤ ਕੀਤਾ ਜਾ ਸਕੇ।
- ਤੰਗੀ ਪਰੇਸ਼ਾਨੀ (harassment) ਉਸ ਸਮੇ ਹੁੰਦਾ ਹੈ ਜਦੋਂ ਵਿਅਕਤੀ ਨਸਲ ਜਾਂ ਧਰਮ ਜਾਂ ਸ਼ਰਧਾ ਨਾਲ ਸੰਬੰਧਿਤ ਅਣਚਾਹਿਆ ਵਿਹਾਰ ਕਰੇ ਜਿਸ ਦਾ ਮਕਸਦ ਜਾਂ ਅਸਰ ਦੂਜੇ ਵਿਅਕਤੀ ਦੇ ਮਾਨ ਨੂੰ ਸੱਟ ਮਾਰਨੀ ਹੋਵੇ; ਜਾਂ ਉਸ ਵਿਅਕਤੀ ਲਈ ਡਰ ਵਾਲਾ, ਵਿਰੋਧੀ, ਅਪਮਾਨਜਨਕ, ਬੇਇੱਜ਼ਤੀ ਵਾਲਾ ਜਾਂ ਘਿਰਨਾਜਨਕ ਵਾਤਾਵਰਨ ਪੈਦਾ ਕਰੇ।
- ਸ਼ਿਕਾਰ ਬਣਾਉਣ (victimisation) ਉਸ ਸਮੇ ਹੁੰਦਾ ਹੈ ਜਦੋਂ ਵਿਅਕਤੀ ਦਾ ਨੁਕਸਾਨ ਕੀਤਾ ਜਾਵੇ ਕਿਉਂ ਕਿ ਉਸ ਨੇ ਵਿਤਕਰੇ ਦੀ ਸ਼ਿਕਾਇਤ ਕੀਤੀ ਹੈ ਜਾਂ ਇਸ ਤਰ੍ਹਾਂ ਦੀ ਸ਼ਿਕਾਇਤ ਵਾਲੇ ਨੂੰ ਸਮਰੱਥਨ ਦਿੱਤਾ ਹੈ।

ਬਰਾਬਰੀ ਕਾਨੂੰਨ (The Equality Act) ਵੀ ਉਹ ਖੇਤਰ ਸਥਾਪਿਤ ਕਰਦਾ ਹੈ ਜਿਨ੍ਹਾਂ ਵਿੱਚ ਵਿਤਕਰਾ ਗੈਰ-ਕਾਨੂੰਨੀ ਹੈ। ਇਸ ਵਿੱਚ ਇਹ ਸ਼ਾਮਲ ਹਨ:

- ਮਾਲ, ਸਹੂਲਤਾਂ ਅਤੇ ਸੇਵਾਵਾਂ
- ਅਹਾਤੇ ਦੀ ਵਿਕਰੀ ਜਾਂ ਉਸ ਦਾ ਪ੍ਰਬੰਧ
- ਰੋਜ਼ਗਾਰ
- ਵਿੱਦਿਆ, ਅਤੇ
- ਜਨਤਕ ਕੰਮਾਂ ਦੀ ਪੂਰਤੀ।

ਬਰਾਬਰੀ ਅਤੇ ਮਾਨਵ ਹੱਕਾਂ ਦੇ ਕਮਿਸ਼ਨ (The Equality and Human Rights Commission) ਨੇ ਲੋਕਾਂ ਨੂੰ ਨਵਾਂ ਕਾਨੂੰਨ ਨਿਰਮਾਣ ਸਮਝਣ ਵਿੱਚ ਮਦਦ ਦੇਣ ਲਈ ਬਰਾਬਰੀ ਕਾਨੂੰਨ 2010 (Equality Act 2010) ਲਈ ਰਾਹ ਨੁਮਾਈ ਦੇ ਦੋ ਢਾਂਚੇ ਅਲੇਖੇ ਹਨ। ਇੱਕ ਢਾਂਚਾ ਵਿਸ਼ੇਸ਼ ਤੌਰ ਤੇ ਕਾਨੂੰਨੀ ਪੇਸ਼ਾਵਰਾਂ ਲਈ ਹੈ ਅਤੇ ਕਾਨੂੰਨੀ ਕੇਸਾਂ ('ਗੈਰ-ਕਾਨੂੰਨ ਅਨੁਸਾਰੀ ਜਾਬਤੇ') ('statutory codes'[5]) ਵਿੱਚ ਹਾਵਾਲਾ ਦਿੱਤਾ ਜਾ ਸਕਦਾ ਹੈ। ਦੂਜਾ ('ਨਾ-ਕਾਨੂੰਨ ਅਨੁਸਾਰੀ ਰਾਹ ਨੁਮਾਈ') ('non-statutory

[5] http://www.equalityhumanrights.com/legal-and-policy/equality-act/equality-act-codes-of-practice/

guidance'[6]) ਉਨ੍ਹਾਂ ਲੋਕਾਂ ਲਈ ਹੈ ਜੋ ਜਾਨਣਾ ਚਹੁੰਦੇ ਹਨ ਕਿ ਕਾਨੂੰਨ ਉਨ੍ਹਾਂ ਦੇ ਕੰਮ, ਸੇਵਾਵਾਂ, ਅਤੇ ਕਲੱਬਾਂ ਅਤੇ ਭਾਈਚਾਰਕ ਸੰਸਥਾਵਾਂ ਤੇ ਕਿਵੇਂ ਲਾਗੂ ਹੁੰਦਾ ਹੈ।

**ਜਨਤਕ ਖੇਤਰ ਬਰਾਬਰੀ ਫਰਜ ਕੀ ਹੈ?**

ਵਰਤਮਾਨ ਸਮੇਂ, ਜਨਤਕ ਸੰਸਥਾਵਾਂ ਤੇ ਨਸਲੀ ਨਾਤਿਆਂ ਦਾ ਕਾਨੂੰਨ 1976 (Race Relations Act 1976) ਵਿੱਚ ਸ਼ਾਮਲ ਨਸਲੀ ਬਰਾਬਰੀ ਫਰਜ (Race Equality Duty) ਲਾਗੂ ਹੈ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਹੇਠ ਲਿੱਖਤ ਦੀ ਪੂਰਤੀ ਦੀ ਲੋੜ ਪ੍ਰਤੀ ਜਾਇਜ਼ ਧਿਆਨ ਦੇਣਾ ਲਾਜ਼ਮੀ ਹੈ:

- ਗੈਰ-ਕਾਨੂੰਨੀ ਨਸਲੀ ਵਿਤਕਰੇ ਦਾ ਖਾਤਮਾ
- ਮੌਕਿਆਂ ਦੀ ਬਰਾਬਰੀ ਪ੍ਰੋਤਸਾਹਿਤ ਕਰਨੀ, ਅਤੇ
- ਵੱਖ ਵੱਖ ਨਸਲੀ ਸਮੂਹਾਂ ਦੇ ਲੋਕਾਂ ਵਿੱਚਕਾਰ ਚੰਗੇ ਨਾਤੇ ਪ੍ਰੋਤਸਾਹਿਤ ਕਰਨੇ।

ਬਰਾਬਰੀ ਕਾਨੂੰਨ 2010 (Equality Act 2010) ਇੱਕ ਨਵਾਂ ਇਕੱਲਾ ਜਨਤਕ ਖੇਤਰ ਬਰਾਬਰੀ ਫਰਜ (Public Sector Equality Duty) ਜਾਰੀ ਕਰਦਾ ਹੈ ਜੋ ਨਸਲੀ ਬਰਾਬਰੀ ਫਰਜ (Race Equality Duty) ਦੀ ਥਾਂ ਤੇ ਹੋਵੇਗਾ ਅਤੇ ਇਸ ਵਿੱਚ ਸੱਭ ਸੁਰੱਖਿਆ ਲੱਛਣ (protected characteristics) ਸ਼ਾਮਲ ਹੋਣਗੇ, ਜਿਸ ਵਿੱਚ ਧਰਮ ਜਾਂ ਸ਼ਰਧਾ ਵੀ ਸ਼ਾਮਲ ਹੈ। ਜਾਰੀ ਕਰਨ ਦੇ ਹੁਕਮਾਂ ਉਪਰ ਨਿਰਭਰ, ਇਹ ਅਪਰੈਲ 2011 ਵਿੱਚ ਲਾਗੂ ਹੋਵੇਗਾ। ਇਨ੍ਹਾਂ ਫਰਜ਼ਾਂ ਅਧੀਨ ਨਸਲੀ ਅਤੇ ਧਾਰਮਿਕ ਬਰਾਬਰੀ ਪ੍ਰੋਤਸਾਹਿਤ ਕਰਨ ਲਈ ਕਿਰਿਆਸ਼ੀਲ ਕਾਰਵਾਈ ਕਰਨ ਨਾਲ ਜਨਤਕ ਸੰਸਥਾਵਾਂ ਦੀ ਉਨ੍ਹਾਂ ਦੀਆਂ ਮਾਨਵ ਹੱਕਾਂ ਦਾ ਕਾਨੂੰਨ 1998 (Human Rights Act 1998) ਅਧੀਨ ਕਾਨੂੰਨੀ ਜਿੰਮੇਵਾਰੀਆਂ ਪੂਰੀਆਂ ਕਰਨ ਵਿੱਚ ਵੀ ਸਹਾਈ ਹੋ ਸਕਦੀ ਹੈ। .

**ਅਪਰਾਧਿਕ ਨਿਆਂ ਕਾਨੂੰਨ ਨਿਰਮਾਣ (criminal justice legislation) ਕਿਵੇਂ ਸੰਬੰਧਿਤ ਹੈ?**

- ਅਪਰਾਧ ਰੋਕ ਕਾਨੂੰਨ 1953 ਦਾ ਭਾਗ 1 (Section 1 Prevention of Crime Act 1953) ਜਨਤਕ ਥਾਂ ਤੇ ਕੋਲ ਇਤਰਾਜ਼ਯੋਗ ਹਥਿਆਰ ਰੱਖਣ ਨੂੰ ਇੱਕ ਜੁਰਮ ਬਣਾਉਂਦਾ ਹੈ।
- ਅਪਰਾਧਿਕ ਨਿਆਂ ਕਾਨੂੰਨ 1988 ਦਾ ਭਾਗ 139 (1) (Section 139 (1) Criminal Justice Act 1988) ਜਨਤਕ ਥਾਂ ਤੇ ਕੋਲ ਬਲੇਡ ਵਾਲੀ ਜਾਂ ਤਿੱਖੀ ਨੋਕ ਵਾਲੀ ਵਸਤੂ ਰੱਖਣ ਨੂੰ ਇੱਕ ਜੁਰਮ ਬਣਾਉਂਦਾ ਹੈ।[7]
- ਅਪਰਾਧਿਕ ਨਿਆਂ ਕਾਨੂੰਨ 1988 ਦਾ ਭਾਗ 139A (1) (Section 139A (1) Criminal Justice Act 1988) ਸਕੂਲ ਅਹਾਤੇ ਤੇ ਕੋਲ ਬਲੇਡ ਵਾਲੀ ਜਾਂ ਤਿੱਖੀ ਨੋਕ ਵਾਲੀ ਵਸਤੂ ਰੱਖਣ ਨੂੰ ਇੱਕ ਜੁਰਮ ਬਣਾਉਂਦਾ ਹੈ।

[6] http://www.equalityhumanrights.com/advice-and-guidance/new-equality-act-guidance/
[7] www.opsi.gov.uk/acts/acts1996/ukpga_19960026_en_1#l1g4

- ਅਪਰਾਧਿਕ ਨਿਆਂ ਕਾਨੂੰਨ 1988 ਦਾ ਭਾਗ 139A (2) (Section 139A (2) Criminal Justice Act 1988) ਸਕੂਲ ਅਹਾਤੇ ਤੇ ਕੋਲ ਇਤਰਾਜ਼ਯੋਗ ਹਥਿਆਰ ਰੱਖਣ ਨੂੰ ਇੱਕ ਜੁਰਮ ਬਣਾਉਂਦਾ ਹੈ।

ਐਪਰ, ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਕਿਰਪਾਨ ਨਹੀਂ ਪਹਿਨ ਸਕਦੇ। ਇਹ ਕਾਨੂੰਨ ਵਿਅਕਤੀ ਲਈ ਖਾਸ ਬਚਾ ਪ੍ਰਦਾਨ ਕਰਦਾ ਹੈ ਜੇ ਉਹ ਸਾਬਤ ਕਰ ਸਕੇ ਕਿ ਉਹ ਕਿਰਪਾਨ ਧਾਰਮਿਕ ਕਾਰਨਾਂ ਕਰਕੇ ਪਹਿਨ ਦਾ ਹੈ।[8]

ਕੋਈ ਵਿਅਕਤੀ ਜੋ ਦਾਹਵਾ ਕਰੇ ਕਿ ਉਸ ਨੇ ਆਪਣੇ ਕੋਲ ਕਿਰਪਾਨ ਧਾਰਮਿਕ ਕਾਰਨਾਂ ਕਰਕੇ ਰੱਖੀ ਹੋਈ ਹੈ ਉਸ ਨੂੰ ਪੁਲਿਸ ਨੂੰ ਸੰਤੁਸ਼ਟ ਕਰਨ ਸਕਣਾ ਲਾਜ਼ਮੀ ਹੋਵੇਗਾ (ਜੇ ਰੋਕਿਆ ਜਾਵੇ), ਅਤੇ ਅੰਤ ਵਿੱਚ ਅਦਾਲਤਾਂ ਨੂੰ (ਜੇ ਦੋਸ਼ ਲਾਇਆ ਜਾਵੇ), ਇਸ ਪ੍ਰਤੀ ਸੰਤੁਸ਼ਟ ਕਰਨਾ ਪਵੇਗਾ। ਇਹ ਸਿੱਖਾਂ ਲਈ ਗੈਰ-ਕਾਨੰਨੀ ਮੰਤਵਾਂ ਲਈ ਕਿਰਪਾਨ ਵਰਤਣ ਦੀ ਖੁੱਲ੍ਹ ਨਹੀਂ ਹੈ।

**ਸਿੱਖਾਂ ਦੀਆਂ ਧਾਰਮਿਕ ਵਸਤੂਆਂ ਲਈ ਕਾਨੂੰਨ ਵਿੱਚ ਹੋਰ ਗੁੰਜਾਇਸ਼ਾਂ**

ਸਿੱਖ ਧਾਰਮਿਕ ਵਸਤੂਆਂ ਪਹਿਨਣ ਤੋਂ ਉਤਪੰਨ ਹੋਈਆਂ ਕੁੱਝ ਇਤਹਾਸਕ ਚਿੰਵਾਵਾਂ ਤੋਂ ਵਿਸ਼ੇਸ਼ ਤੌਰ ਤੇ ਪੈਦਾ ਹੋਇਆ ਅਲੱਗ ਕਾਨੂੰਨ ਨਿਰਮਾਣ ਵੀ ਮੌਜੂਦ ਹੈ। ਇਸ ਕਾਨੂੰਨ ਨਿਰਮਾਣ ਵਿੱਚ ਇਹ ਵੀ ਸ਼ਾਮਲ ਹੈ:

- ਮੋਟਰ-ਸਾਇਕਿਲ ਹਾਦਸਾ ਲੋਹਟੋਪ (ਧਾਰਮਿਕ ਛੋਟ) ਕਾਨੂੰਨ 1976 (Motor-Cycles Crash Helmets (Religious Exemption) Act 1976): ਦਸਤਾਰ ਪਹਿਨਣ ਵਾਲੇ ਸਿੱਖ ਨੂੰ ਮੋਟਰ ਸਾਈਕਲ ਉੱਪਰ ਹਾਦਸਾ ਲੋਹਟੋਪ ਪਹਿਨਣ ਤੋਂ ਛੋਟ ਦਿੰਦਾ ਹੈ।
- ਰੋਜ਼ਗਾਰ ਕਾਨੂੰਨ 1989 (Employment Act 1989): ਦਸਤਾਰ ਪਹਿਨਣ ਵਾਲੇ ਸਿੱਖ ਨੂੰ ਉਸਾਰੀ ਅਸਥਾਨ ਤੇ ਸੁਰੱਖਿਆ ਲੋਹਟੋਪ ਪਹਿਨਣ ਤੋਂ ਛੋਟ ਦਿੰਦਾ ਹੈ।

[8] www.opsi.gov.uk/acts/acts1996/ukpga_19960026_en_1#l1g4

## ਕਾਂਡ 2: ਰੋਜ਼ਗਾਰ

ਇਹ ਭਾਗ ਤੁਹਾਨੂੰ ਹੇਠ ਲਿੱਖਤ ਪ੍ਰਦਾਨ ਕਰੇਗਾ:

- ਰੋਜ਼ਗਾਰ ਖੇਤਰ ਵਿੱਚ ਮੁੱਖ ਮਸਲਿਆਂ ਬਾਰੇ ਸੰਖੇਪ ਜਾਣਕਾਰੀ
- ਖਾਸ ਧਾਰਮਿਕ ਵਸਤੂਆਂ ਬਾਰੇ ਰਾਹ ਨੁਮਾਈ ਅਤੇ ਸੁਝਾ
- ਚੰਗੇ ਅਭਿਆਸ਼ ਦੀਆਂ ਉਦਾਹਰਨਾਂ, ਅਤੇ
- ਸੰਬੰਧਿਤ ਕਾਨੂੰਨ ਨਿਰਮਾਣ ਦਾ ਹਵਾਲਾ।

**ਮੁੱਖ ਮਸਲੇ ਅਤੇ ਚੱਗੇ ਅਭਿਆਸ਼ ਦੀਆਂ ਉਦਾਹਰਨਾਂ।**
ਰੋਜ਼ਗਾਰ ਵਿੱਚ ਦੂਜੇ ਵਿਅਕਤੀ ਵਿਰੁੱਧ ਉਸ ਦੀ ਨਸਲ, ਧਰਮ ਜਾਂ ਸ਼ਰਧਾ ਦੇ ਅਧਾਰ ਤੇ ਵਿਤਕਰਾ ਕਰਨਾ, ਤੰਗ ਪਰੇਸ਼ਾਨ ਕਰਨਾ ਜਾਂ ਸ਼ਿਕਾਰ ਬਣਾਉਣਾ ਬਰਾਬਰੀ ਕਾਨੂੰਨ 2010 (Equality Act 2010) ਅਧੀਨ ਗੈਰ-ਕਾਨੂੰਨੀ ਹੈ। ਕਾਨੂੰਨ ਵਿੱਚ ਰੋਜ਼ਗਾਰ ਦੇ ਸੱਭ ਪੱਖ ਸ਼ਾਮਲ ਹਨ ਜਿਨ੍ਹਾਂ ਵਿੱਚ ਭਰਤੀ, ਤਰੱਕੀ, ਬਦਲੀ, ਤਨਖਾਹ ਅਤੇ ਖਾਸ ਸਹੂਲਤਾਂ, ਕੰਮ ਤੋਂ ਵਿਹਲੇ ਕੀਤੇ ਜਾਣਾ, ਬਰਤਰਫੀ ਅਤੇ ਕੰਮ ਦੀਆਂ ਮੁੱਦਤਾਂ ਅਤੇ ਸ਼ਰਤਾਂ ਸ਼ਾਮਲ ਹਨ।

ਜਨਤਕ ਖੇਤਰ ਬਰਾਬਰੀ ਫਰਜ਼ (Public Sector Equality Duty) ਅਤੇ ਮਾਨਵ ਹੱਕਾਂ ਦਾ ਕਾਨੂੰਨ (Human Rights Act), ਜਿਸ ਤਰ੍ਹਾਂ ਕਾਂਡ 1 ਵਿੱਚ ਬਿਆਨ ਕੀਤਾ ਗਿਆ ਹੈ, ਅਧੀਨ ਜਨਤਕ ਖੇਤਰ ਮਾਲਕਾਂ ਦੀਆਂ ਹੋਰ ਵੀ ਜ਼ਿੰਮੇਵਾਰੀਆਂ ਹਨ।

ਤਾਂ ਕਿ ਉਹ ਸਿੱਖ ਧਾਰਮਿਕ ਵਸਤੂਆਂ, ਜਿਸ ਤਰ੍ਹਾਂ ਕਿ ਕਿਰਪਾਨ, ਦੀ ਮਹੱਤਤਾ ਸਮਝ ਸਕਣ ਅਤੇ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਉਨ੍ਹਾਂ ਵਸਤੂਆਂ ਦੀ ਪਛਾਣ ਕਿਵੇਂ ਕਰਨੀ ਹੈ ਅਤੇ ਉਹ ਪਹਿਨਣ ਦੀ ਕਿਸ ਨੂੰ ਆਗਿਆ ਹੈ, ਮਾਲਕਾਂ ਲਈ ਕਰਮਚਾਰੀਆਂ ਨੂੰ ਸਿੱਖਲਾਈ ਦੇਣੀ ਲਾਭਕਾਰੀ ਹੋ ਸਕਦੀ ਹੈ।
ਸਿੱਖ ਧਾਰਮਿਕ ਵਸਤੂਆਂ, ਜਾਂ ਵਾਕਿਆ ਹੀ ਕਿਸੇ ਵੀ ਧਰਮ ਦੀਆਂ ਧਾਰਮਿਕ ਵਸਤੂਆਂ, ਬਾਰੇ ਦੂਜੇ ਮੁਲਾਜ਼ਮਾਂ ਵਿੱਚ ਸੁਚੇਤਨਤਾ ਅਤੇ ਸਮਝਦਾਰੀ ਵਧਾ ਕੇ, ਮਾਲਕ ਕੰਮਕਾਜ ਦੇ ਅਸਥਾਨ ਤੇ ਚੰਗੇ ਨਾਤੇ ਕਾਇਮ ਰੱਖ ਸਕਣਗੇ।

ਸਿੱਖ ਧਾਰਮਿਕ ਵਸਤੂਆਂ ਪ੍ਰਤੀ ਅਸੀਂ ਹੇਠ ਲਿੱਖਤ ਖੇਤਰਾਂ ਬਾਰੇ ਜਾਂਚ ਕਰਦੇ ਹਾਂ:

- ਪਹਿਰਾਵੇ ਦਾ ਜ਼ਾਬਤਾ
- ਸਿਹਤ ਅਤੇ ਸੁਰੱਖਿਆ:
  - ਨਿੱਜੀ ਸਫ਼ਾਈ
  - ਰੱਖਿਆ ਸਾਜੋ ਸਮਾਨ, ਅਤੇ
  - ਸੁਰੱਖਿਆ।

**ਪਹਿਰਾਵੇ ਦਾ ਜ਼ਾਬਤਾ**
ਪਹਿਰਾਵੇ ਦਾ ਜ਼ਾਬਤਾ ਜੋ ਮੁਲਾਜ਼ਮਾਂ ਨੂੰ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਦੇ ਉਲਟ ਕਾਰਵਾਈ ਕਰਨ ਦੀ ਮੰਗ ਕਰੇ, ਜੇ ਇਸ ਨੂੰ ਜਾਇਜ਼ ਨਾ ਸਾਬਤ ਕੀਤਾ ਜਾਵੇ, ਤਾਂ ਅਸਿੱਧੇ ਤੌਰ ਤੇ ਵਿਤਕਰੇ ਵਾਲਾ ਹੋ ਸਕਦਾ ਹੈ।

ਇਸ ਨੂੰ ਰੋਕਣ ਲਈ, ਮਾਲਕਾਂ ਨੂੰ ਖੁੱਲ੍ਹਾ, ਲਚਕਦਾਰ ਪਹਿਰਾਵੇ ਦਾ ਜਾਬਤਾ ਅਪਨਾਉਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਗੈਰ-ਨਿਸ਼ਚਿਤ ਹੋਣਾ ਚਾਹੀਦਾ ਹੈ। ਉਚਿੱਤ ਪਹਿਰਾਵੇ ਦੀਆਂ ਉਦਾਹਰਨਾਂ ਨਾਲ, ਫੱਬਵੀਂ ਪੁਸ਼ਾਕ ਦੀ ਮੰਗ ਕਰਦਾ, ਵਿਸਤਰਤ ਸ਼ਬਦਾਵਲੀ ਵਾਲਾ ਪਹਿਰਾਵੇ ਦਾ ਜਾਬਤਾ, ਨਿਸ਼ਚਿਤ ਕੱਪੜਿਆਂ-ਸੰਬੰਧੀ ਵਿਸ਼ਵਾਸ ਦੇ ਉਲਟ ਨਹੀਂ ਹੋਵੇਗਾ। ਜੋ ਮਾਲਕ ਪਹਿਰਾਵੇ ਸੰਬੰਧੀ ਕੋਈ ਨਿਸ਼ਚਿਤ ਬੰਦਸ਼ਾਂ ਜਾਂ ਸ਼ਰਤਾਂ ਲਾਉਣੀਆਂ ਚਾਹੇ, ਉਸ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਇਸ ਨੂੰ ਸੰਬੰਧਿਤ ਨੌਕਰੀ ਦੀਆਂ ਮੰਗਾਂ ਜਾਂ ਜਿਸ ਪ੍ਰਸੰਗ ਵਿੱਚ ਇਹ ਕੀਤੀ ਜਾਣੀ ਹੈ, ਉਸ ਅਨੁਸਾਰ ਜਾਇਜ਼ ਕਰਾਰ ਦਿੱਤਾ ਜਾ ਸਕਦਾ ਹੈ ਜਾਂ ਨਹੀਂ।

*ਦਸਤਾਰ*

ਮਾਲਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਸਿਰ ਦੇ ਪਹਿਰਾਵੇ ਤੇ ਪਬੰਦੀ ਜਾਂ ਖਾਸ ਸਿਰ ਦਾ ਪਹਿਰਾਵਾ ਪਹਿਨਣ ਦੀ ਸ਼ਰਤ (ਉਦਾਹਰਨ ਵੱਜੋਂ, ਵਰਦੀ ਦਾ ਹਿੱਸੇ ਵੱਜੋਂ ਟੋਪੀ ਨਿਸ਼ਚਿਤ ਕੀਤੀ ਜਾਣੀ) ਸਿੱਖਾਂ ਲਈ ਜੋ ਦਸਤਾਰ ਪਹਿਨਦੇ ਹਨ, ਵਿਭੇਦਕ ਹੋ ਸਕਦੀ ਹੈ ਜੇ ਇਸ ਸ਼ਰਤ ਨੂੰ ਜਾਇਜ਼ ਸਾਬਤ ਨਾ ਕੀਤਾ ਜਾ ਸਕੇ।

*ਕੜਾ*

ਕੁੱਝ ਮਾਲਕ, ਆਪਣੇ ਪਹਿਰਾਵੇ ਦੇ ਜਾਬਤੇ ਦੀ ਨੀਤੀ ਦੇ ਹਿੱਸੇ ਵੱਜੋਂ, ਸੱਭ ਜੇਵਰ ਪਹਿਨਣੋ ਮੁਲਾਜ਼ਾਂ ਨੂੰ ਮਨ੍ਹਾ ਕਰਦੇ ਹਨ। ਉਹ ਸ਼ਾਇਦ ਕੜੇ ਨੂੰ ਜੇਵਰ ਦਾ  ਇੱਕ ਹਿੱਸਾ ਸਮਝਦੇ ਹੋਣ, ਜੋ ਉਹ ਨਹੀਂ ਹੈ। ਕੜਾ ਇੱਕ ਧਾਰਮਿਕ ਵਸਤੂ ਹੈ।

*ਕਿਰਪਾਨ*

ਮਾਲਕਾਂ ਦੇ ਪਹਿਰਾਵੇ ਦੇ ਜਾਬਤੇ ਦੇ ਨਿਯਮ ਜੋ ਮੁਲਾਜ਼ਮਾਂ ਨੂੰ ਕਿਰਪਾਨ ਪਹਿਨਣ ਤੋਂ ਰੋਕਦੇ ਹੋਣ ਅਸਿੱਧੇ ਤੌਰ ਤੇ ਵਿਭੇਦਕ ਹੋ ਸਕਦੇ ਹਨ ਜੇ ਉਨ੍ਹਾਂ ਨਿਯਮਾਂ ਨੂੰ ਜਾਇਜ਼ ਸਾਬਤ ਨਾ ਕੀਤਾ ਜਾ ਸਕੇ। ਕਾਨੂੰਨ ਨਿਰਮਾਣ ਜੋ ਜਨਤਕ ਥਾਂ ਤੇ ਕੋਲ ਬਲੇਡ ਵਾਲੀ ਜਾਂ ਤਿੱਖੀ ਨੋਕ ਵਾਲੀ ਵਸਤੂ ਰੱਖਣ ਨੂੰ ਇੱਕ ਜੁਰਮ ਬਣਾਉਂਦਾ ਹੈ ਵਿਅਕਤੀ ਲਈ ਖਾਸ ਬਚਾ ਪ੍ਰਦਾਨ ਕਰਦਾ ਹੈ ਜੇ ਉਹ ਸਾਬਤ ਕਰ ਸਕੇ ਕਿ ਉਸ ਨੇ ਕਿਰਪਾਨ ਧਾਰਮਿਕ ਕਾਰਨਾਂ ਕਰਕੇ ਪਹਿਨੀ ਸੀ।[9]

**ਸਿਹਤ ਅਤੇ ਸੁਰੱਖਿਆ**

ਕਾਨੂੰਨ ਆਖਦਾ ਹੈ ਕਿ ਕੰਮਕਾਜ ਦੇ ਅਸਥਾਨ ਤੇ ਸਿਹਤ ਅਤੇ ਸੁਰੱਖਿਆ ਪ੍ਰਤੀ ਖ਼ਤਰਿਆਂ ਦਾ ਨਿਰਧਾਰਨ ਕਰਨ ਅਤੇ ਕਾਬੂ ਅਧੀਨ ਰੱਖੇ ਜਾਣ ਦੀ ਲੋੜ ਹੈ। ਇਸ ਦਾ ਸਿੱਖਾਂ ਦੀਆਂ ਧਾਰਮਿਕ ਵਸਤੂਆਂ ਪਹਿਨਣ ਉੱਪਰ ਅਸਰ ਹੋ ਸਕਦਾ ਹੈ, ਉਦਾਹਰਨ ਵੱਜੋਂ, ਨਿੱਜੀ ਸਫ਼ਾਈ, ਰੱਖਿਆ ਸਾਜੋ ਸਮਾਨ ਦੀ ਵਰਤੋਂ ਅਤੇ ਸੁਰੱਖਿਆ ਸੰਬੰਧੀ। ਲੋਕਾਂ ਦਾ ਕਿਸ ਨਾਲ ਨੁਕਸਾਨ ਹੋ ਸਕਦਾ ਹੈ ਦੀ ਪਛਾਣ ਕਰਨ ਲਈ ਅਤੇ ਕਿਹੜੇ ਉਪਰਾਲੇ ਵਿਚਾਰ ਅਧੀਨ ਅਤੇ ਸਥਾਪਿਤ ਕੀਤੇ ਜਾਣਗੇ ਬਾਰੇ ਪਤਾ ਲਾਉਣ ਲਈ ਖ਼ਤਰੇ ਦਾ ਨਿਰਧਾਰਨ (risk assessment)[10] ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ਭਾਗ ਜਿਥੇ ਖ਼ਤਰੇ ਦੇ ਨਿਰਧਾਰਨ ਦਾ ਧਾਰਮਿਕ ਵਸਤੂਆਂ ਦੇ ਪਹਿਨਣ ਉੱਪਰ ਅਸਰ ਹੋ ਸਕਦਾ ਹੋਵੇ ਅਤੇ ਸੰਭਾਵੀ ਹੱਲ ਅਤੇ ਕੁੱਝ ਪ੍ਰਕਾਰ ਦੇ ਕੰਮਕਾਜੀ ਅਸਥਾਨਾਂ ਤੇ ਚੰਗੇ ਅਭਿਅਸ ਦੀਆਂ ਉਦਾਹਰਨਾਂ ਬਾਰੇ ਵਿਚਾਰ ਕਰਦਾ ਹੈ।

---

[9] www.opsi.gov.uk/acts/acts1996/ukpga_19960026_en_1#l1g4

[10] ਖ਼ਤਰੇ ਦਾ ਨਿਰਧਾਰਨ (risk assessment) ਕਰਨ ਸਮੇਂ, ਸਿਹਤ ਅਤੇ ਸੁਰੱਖਿਆ ਐਕਜ਼ੈਕਟਿਵ (Health and Safety Executive) ਦੀ ਉਤਪਾਦਿੱਤ ਕੀਤੀ ਇਸ ਰਾਹ ਨੁਮਾਈ ਦਾ ਹਵਾਲਾ ਪ੍ਰਾਪਤ ਕਰਨਾ ਸੰਸਥਾ ਲਈ ਲਾਭਕਾਰੀ ਹੋ ਸਕਦਾ ਹੈ: http://www.hse.gov.uk/risk/fivesteps.htm

**ਨਿੱਜੀ ਸਫਾਈ**

ਜੋ ਮਾਲਕ ਨਿੱਜੀ ਸਫਾਈ ਦੇ ਮਿਆਰਾਂ ਬਾਰੇ ਚਿੰਤਤ ਹਨ, ਭੋਜਨ ਸਫ਼ਾਈ (ਸਧਾਰਨ) ਨਿਯਮ 1970 ((Food Hygiene (General) Regulations 1970)) ਸੰਬੰਧਿਤ ਹਨ। ਨਿਯਮ ਬਿਆਨ ਕਰਦੇ ਹਨ ਕਿ ਕੱਚੀਆਂ ਸਬਜ਼ੀਆਂ ਅਤੇ ਸ਼ਰਾਬ ਜਾਂ ਸੌਫਟ ਡਰਿੰਕਸ ਤੋਂ ਇਲਾਵਾ, ਜੋ ਵਿਅਕਤੀ ਖੁੱਲ੍ਹੇ ਭੋਜਨ ਦੀ ਚੁੱਕ ਥੱਲ੍ਹ ਕਰਦਾ ਹੈ, ਨੂੰ ਕਾਫ਼ੀ ਸਾਫ਼, ਧੋਣਯੋਗ ਆਮ ਕੱਪੜਿਆਂ ਦੇ ਉੱਪਰ ਦੀ ਪਾਉਣ ਵਾਲੇ ਕੱਪੜੇ ਪਾਉਣ ਦੀ ਲੋੜ ਹੋਵੇਗੀ, ਅਤੇ ਹਰ ਵਿਅਕਤੀ ਜੋ ਮਾਸ ਦੀ ਚੁੱਕ ਥੱਲ੍ਹ ਕਰਦਾ ਹੈ ਜੋ ਖੁੱਲ੍ਹਾ ਹੈ ਅਤੇ ਜਿਸ ਦੇ ਧੌਣ ਅਤੇ ਸਿਰ ਨਾਲ ਇਸ ਮਾਸ ਦੇ ਲੱਗਣ ਦੀ ਸੰਭਾਵਨਾ ਹੈ, ਇਹ ਕੰਮ ਕਰਦੇ ਹੋਏ ਨੂੰ, ਧੌਣ ਅਤੇ ਸਿਰ ਢੱਕਣ ਲਈ ਕੱਪੜਾ ਪਹਿਨਣਾ ਲਾਜ਼ਮੀ ਹੈ।

ਇਸ ਤੋਂ ਇਲਾਵਾ, ਨਿਯਮ ਮੰਗ ਕਰਦੇ ਹਨ ਕਿ ਭੋਜਨ ਚੁੱਕਣ ਥੱਲਣ ਵਾਲਿਆਂ ਨੂੰ ਆਪਣੀ ਅਤੇ ਆਪਣੇ ਕੱਪੜਿਆਂ ਸਫ਼ਾਈ ਕਾਇਮ ਰੱਖਣੀ ਚਾਹੀਦੀ ਹੈ ਅਤੇ ਭੋਜਨ ਵਿੱਚ ਮਿਲਾਵਟ ਹੋਣ ਪ੍ਰਤੀ ਖ਼ਤਰਿਆਂ ਨੂੰ ਰੋਕਣ ਲਈ ਉਚਿੱਤ ਉਪਰਾਲੇ ਜਾਰੀ ਰੱਖਣੇ ਚਾਹੀਦੇ ਹਨ।

*ਦਸਤਾਰ*

ਦਸਤਾਰ ਬੰਨਣ ਵਾਲੇ ਸਿੱਖ ਪ੍ਰਤੀ, ਮਾਲਕ ਨੂੰ ਵਿਚਾਰ ਕਰਨਾ ਚਾਹੀਦਾ ਹੈ, ਮੁਲਾਜ਼ਮ ਦੇ ਸਿਰ ਦੇ ਕੇਸ ਹਰ ਸਮੇਂ ਪਹਿਲਾਂ ਹੀ ਢੱਕੇ ਹੋਏ ਹੋਣ ਕਾਰਨ, ਕੀ ਇਹ ਨਿੱਜੀ ਸਫ਼ਾਈ ਦਾ ਖ਼ਤਰਾ ਰੋਕਣ ਲਈ ਕਾਫੀ ਹੈ ਜਾਂ ਨਹੀਂ।

ਸਿੱਖ ਮੈਡੀਕਲ ਕਰਮਚਾਰੀਆਂ ਅਤੇ ਭੋਜਨ ਤਿਆਰ ਕਰਨ ਵਿੱਚ ਕੰਮ ਕਾਰਨ ਵਾਲਿਆਂ ਜਾਂ ਫੈਕਟਰੀ ਦੇ ਮਹੌਲ ਵਿੱਚ ਕੰਮ ਕਰਨ ਵਾਲਿਆਂ, ਮਾਲਕ ਕੰਪਨੀ ਦੇ ਇੱਕ ਮਿਆਰੀ ਸਿਰ ਢੱਕਣ ਵਾਲੀ ਵਸਤੂ ਦੀ ਬਜਾਏ, ਸਾਫ, ਨੇਮਤ ਧੋਤੀ ਦਸਤਾਰ ਦੀ ਆਗਿਆ ਦੇਣ ਦੀ ਗੁੰਜਾਇਸ਼ ਪ੍ਰਦਾਨ ਕਰ ਸਕਦੇ ਹਨ। ਦਾਹੜੀ ਦੇ ਸੱਭ ਵਾਲਾਂ ਦੇ ਜਾਲ ਜਾਂ ਕੋਈ ਚੀਜ਼ ਦਾਹੜੀ ਦੇ ਉੱਪਰ ਦੀ ਬੰਨਣ ਨਾਲ ਢੱਕੇ ਜਾ ਸਕਦੇ ਹਨ।

*ਕੜਾ*

ਇਨ੍ਹਾਂ ਵਸਤੂਆਂ ਦੇ ਪਦਾਰਥਾਂ ਨੂੰ ਨੁਕਸਾਨ ਕਰਨ ਜਾਂ ਵਿੱਚ ਡਿੱਗਣ ਦੇ ਖ਼ਤਰੇ ਕਰਕੇ ਜਾਂ ਮੁਲਾਜ਼ਮ ਦੀ ਸੁਰੱਖਿਆ ਲਈ ਖ਼ਤਰਾ ਹੋਣ ਕਰਕੇ, ਮੁਲਾਜ਼ਮਾਂ ਨੂੰ ਸ਼ਾਇਦ ਜੇਵਰ ਪਹਿਨਣ ਤੋ ਮਨ੍ਹਾ ਕੀਤਾ ਜਾਵੇ। ਭੋਜਨ ਤਿਆਰ ਕਰਨ ਦੀ ਸਥਿਤੀ ਵਿੱਚ, ਉਦਾਹਰਨ ਵੱਜੋ, ਸ਼ਾਇਦ ਮਾਲਕ ਨੂੰ ਇਹ ਡਰ ਹੋਵੇ ਕਿ ਕੜਾ ਲੈਹ ਕੇ ਖ਼ਾਣੇ ਵਿੱਚ ਡਿੱਗ ਕੇ ਖਾਣੇ ਨੂੰ ਦੂਸ਼ਤ ਕਰ ਸਕਦਾ ਹੈ।

ਕਿਉਂ ਕਿ ਕੜਾ ਜੇਵਰ ਨਹੀ ਪਰੰਤੂ ਧਾਰਮਿਕ ਵਸਤੂ ਹੈ, ਮਾਲਕ ਸਿੱਖਾਂ ਤੇ ਦਸਤਾਨੇ ਪਹਿਨਣ ਜਾਂ ਕੜਾ ਢੱਕਣ ਲਈ ਪੱਟੀ ਬੰਨ੍ਹਣ ਦੀ ਸ਼ਰਤ ਲਾਉਣ ਬਾਰੇ ਵਿਚਾਰ ਕਰ ਸਕਦੇ ਹਨ। ਇਸ ਪ੍ਰਕਾਰ ਦੇ ਉਪਰਾਲਿਆਂ ਨਾਲ ਦੂਸ਼ਤ ਦੇ ਖ਼ਤਰੇ ਨਾਲ ਨਜਿੱਠਿਆ ਜਾ ਸਕਦਾ ਹੈ।

**ਰੱਖਿਆ ਸਾਜੋ ਸਮਾਨ ਅਤੇ ਨਿੱਜੀ ਸੁਰੱਖਿਆ**

ਸੱਭ ਕਾਮਿਆਂ ਦੀ ਭਲਾਈ ਲਈ ਖ਼ਤਰੇ ਨੂੰ ਵਿਚਾਰਨ ਅਤੇ ਖ਼ਤਮ ਕਰਨ ਦੀ ਮਾਲਕਾਂ ਦੀ ਮੁੱਢਲੀ ਜ਼ਿੰਮੇਵਾਰੀ ਹੈ।[11]

*ਦਸਤਾਰ*

ਜਿਸ ਤਰ੍ਹਾਂ ਪਹਿਲਾਂ ਬਿਆਨ ਹੋ ਚੁੱਕਾ ਹੈ, ਕਾਨੂੰਨ ਪਛਾਣਦਾ ਹੈ ਕਿ ਦਸਤਾਰ ਸਿਰ ਦੀ ਰੱਖਿਆ ਕਰਦੀ ਹੈ। ਰੋਜ਼ਗਾਰ ਕਾਨੂੰਨ 1989 (Employment Act 1989) ਦਸਤਾਰ ਪਹਿਨਣ ਵਾਲੇ ਸਿੱਖ ਨੂੰ ਉਸਾਰੀ ਅਸਥਾਨ ਤੇ ਸੁਰੱਖਿਆ ਲੋਹਟੋਪ ਪਹਿਨਣ ਦੀ ਸੱਭ ਸ਼ਰਤ ਤੋਂ ਛੋਟ ਦਿੰਦਾ ਹੈ। ਜੇ ਦਸਤਾਰ ਪਹਿਨ ਰਹੇ ਹੋਣ, ਤਾਂ ਸਿੱਖਾਂ ਨੂੰ ਮੋਟਰਸਾਈਕਲ ਤੇ ਹਾਦਸਾ ਲੋਹਟੋਪ[12] ਅਤੇ ਘੋੜ-ਸਵਾਰ ਹੋਣ ਸਮੇਂ ਸਵਾਰ ਟੋਪੀ[13] ਵੀ ਪਹਿਨਣ ਤੋਂ ਛੋਟ ਹੈ।

ਜੇ ਦਸਤਾਰ ਪਹਿਨਣ ਵਾਲਾ ਸਿੱਖ ਉਸਾਰੀ ਅਸਥਾਨ ਤੇ ਜ਼ਖ਼ਮੀ ਹੋ ਜਾਵੇ, ਸੱਟ-ਫੇਟਾਂ ਦੀ ਕਾਨੂੰਨੀ ਜ਼ਿੰਮੇਵਾਰੀ ਉਨ੍ਹਾਂ ਸੱਟ-ਫੇਟਾਂ ਤੱਕ ਹੀ ਸੀਮਤ ਹੈ ਜੋ ਸਿੱਖ ਨੂੰ ਲੱਗਣੀਆਂ ਸਨ ਜੇਕਰ ਉਸ ਨੇ ਲੋਹਟੋਪ ਪਹਿਨਿਆ ਹੁੰਦਾ।

*ਕੜਾ*

ਮਸ਼ੀਨੀਰੀ ਦੇ ਚਲਦੇ ਪੁਰਜ਼ਿਆਂ ਵਿੱਚ ਕੜ੍ਹੇ ਨੂੰ ਫਸਣ ਦੇ ਖ਼ਤਰਿਆਂ ਤੋਂ ਰੋਕਣ ਲਈ ਮਾਲਕ ਸਿੱਖ ਕਾਮਿਆਂ ਨੂੰ ਕੜਾ ਢੱਕਣ ਲਈ ਦਸਤਾਨੇ ਪਹਿਨਣ ਜਾਂ ਉੱਪਰ ਦੀ ਪੱਟੀ ਬੰਨ੍ਹਣ ਦੀ ਸ਼ਰਤ ਲਾਉਣ ਬਾਰੇ ਵਿਚਾਰ ਕਰ ਸਕਦੇ ਹਨ।

**ਸੁਰੱਖਿਆ**

*ਦਸਤਾਰ*

ਸੁਰੱਖਿਆ ਬਾਰੇ ਚਿੰਤਾਵਾਂ ਹੋਣ ਕਾਰਨ, ਆਖ਼ਰੀ ਉਪਰਾਲੇ ਵੱਜੋਂ, ਦਸਤਾਰ ਦੇ ਹੇਠਾਂ ਤਲਾਸ਼ੀ ਲੈਣੀ ਪੈ ਸਕਦੀ ਹੈ। ਜਿਥ੍ਹੇ ਇਸ ਦੀ ਜ਼ਰੂਰਤ ਹੋਵੇ, ਇਸ ਨਾਲ ਸੰਵੇਦਨਸ਼ੀਲ ਢੰਗ ਨਾਲ ਨਜਿੱਠਣਾ ਚਾਹੀਦਾ ਹੈ। ਉਦਾਹਰਨ ਵਜੋਂ, ਮੁਲਾਜ਼ਮ ਨੂੰ ਸ਼ੀਸ਼ੇ ਵਾਲੀ ਇਕਾਂਤ ਥਾਂ ਤੇ ਆਪ ਦਸਤਾਰ ਉਤਾਰਨ ਦਾ ਮੌਕਾ ਦੇਣਾ ਚਾਹੀਦਾ ਹੈ। ਜਿਥੇ ਸੰਭਵ ਹੋਵੇ, ਮਾਲਕ ਨੂੰ ਹੋਰ ਘੱਟ ਦਖ਼ਲ ਅੰਦਾਜ਼ੀ ਉਪਰਾਲੇ ਕਰਤਣੇ ਚਾਹੀਦੇ ਹਨ, ਉਦਾਹਰਨ ਵਜੋਂ, ਇਲੈਕਟਰੌਨਿਕ ਸਕਰੀਨਿੰਗ।[14]

*ਕਿਰਪਾਨ*

ਮਾਲਕਾਂ ਨੂੰ ਕਿਰਪਾਨ ਪ੍ਰਤੀ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਨਾਲ ਲੱਚਕਦਾਰ ਢੰਗ ਨਾਲ ਨਜਿੱਠਣਾ ਚਾਹੀਦਾ ਹੈ। ਉਦਾਹਰਨ ਵਜੋਂ, ਉਹ ਸੁਝਾ ਦੇ ਸਕਦੇ ਹਨ ਕਿ ਕਿਰਪਾਨ ਕੱਪੜਿਆਂ ਦੇ ਹੇਠਾਂ ਦੀ ਪਹਿਨੀ ਜਾਵੇ ਤਾਂ ਕਿ ਉਹ ਨਜ਼ਰ ਨਾ ਆਵੇ।

---

[11] http://www.direct.gov.uk/en/Employment/HealthAndSafetyAtWork/DG_4016686

[12] ਮੋਟਰਸਾਈਕਲ ਹਾਦਸਾ ਲੋਹਟੋਪ (ਧਾਰਮਿਕ ਛੋਟ) ਕਾਨੂੰਨ 1976) (Motor-Cycle Crash Helmets (Religious Exemption) Act 1976)

[13] ਘੋੜਿਆਂ ਦੇ ਨਿਯਮ 1992 ਦੀ ਧਾਰਾ 3(2) (ਨੌਜਵਾਨ ਘੋੜ ਸਵਾਰਾਂ ਲਈ ਰੱਖਿਆ ਸਿਰ ਦਾ ਪਹਿਰਾਵਾ) (Section 3(2) of the Horses (Protective Headgear for Young Riders) Regulations 1992)

[14] http://www.efrb.org.uk/real_dilemmas/security.html

ਕੁੱਝ ਗਿਣਤੀ ਦੀਆਂ ਪੁਲਿਸ ਫੌਰਸਾਂ ਨੇ ਸਿਖ ਪੁਲਿਸ ਅਫ਼ਸਰਾਂ ਨੂੰ ਕਿਰਪਾਨ ਪਹਿਨਣ ਦੀ ਆਗਿਆ ਦੇਣ ਲਈ ਰਾਹ ਨੁਮਾਈ ਵਿਕਸਤ ਕੀਤੀ ਹੈ।[15] ਸੁਰੱਖਿਆ ਟੀਮਾਂ ਲਈ ਰਾਹ ਨੁਮਾਈ ਉਤਪਾਦਿਤ ਕਰਨ ਸਮੇਂ ਦੂਜੀਆਂ ਸੰਸਥਾਵਾਂ ਨੂੰ ਇਸ ਉਦਾਹਰਨ ਦੀ ਪੂਰਤੀ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਸੰਖੇਪ ਵਿਚ, ਮਾਲਕ ਨੂੰ ਸਿਖ ਦੇ ਆਪਣੀਆਂ ਧਾਰਮਿਕ ਵਸਤੂਆਂ ਪਹਿਨਣ ਪ੍ਰਤੀ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਹੋ ਸਕਦੀਆਂ ਹਨ। ਐਪਰ, ਕਈ ਸਥਿਤੀਆਂ ਵਿਚ ਕਾਨੂੰਨ ਨਿਰਮਾਣ ਇਨ੍ਹਾਂ ਵਸਤੂਆਂ ਨੂੰ ਪਹਿਨਣ ਦੀ ਆਗਿਆ ਦਿੰਦਾ ਹੈ ਅਤੇ ਮਾਲਕਾਂ ਨੂੰ ਸੰਭਾਵੀ ਕਾਨੂੰਨੀ ਸਿੱਟਿਆਂ ਨੂੰ ਵਿਚਾਰਨਾਂ ਚਾਹੀਦਾਂ ਹੈ ਅਤੇ ਜਿਥੇ ਹੋ ਸਕੇ ਪੰਜ ਕਕਾਰਾਂ ਅਤੇ ਦਸਤਾਰ ਪਹਿਨਣ ਦੀ ਆਗਿਆ ਦੇਣ ਲਈ ਅਮਲੀ ਹਲ ਲੱਭਣੇ ਚਾਹੀਦੇ ਹਨ।

---

[15] www.warwickshire.police.uk/Diversity/Policingourcommunities/Sikhs
www.suffolk.police.uk/NR/rdonlyres/95007271-5526-4BF6-9F1F-9F5FD554C12D/0/Faith.pdf
http://www.lincs.police.uk/Library/Freedom-of-Information/Information-Classes/Our-Policies-And-Procedures/Appearance-Standards-Appendix-A.pdf
ਮੈਟਰੋਪੋਲੀਟਨ ਪੁਲਿਸ ਸਿੱਖ ਐਸੋਸੀਏਸ਼ਨ (Metropolitan Police Sikh Association) ਦਾ ਵੈਬਸਾਈਟ: www.sikhpolice.org/

# ਕਾਂਡ 3: ਵਿੱਦਿਆ

ਇਹ ਭਾਗ ਤੁਹਾਨੂੰ ਹੇਠ ਲਿੱਖਤ ਪ੍ਰਦਾਨ ਕਰੇਗਾ:

- ਵਿੱਦਿਆ ਨਾਲ ਸੰਬੰਧਿਤ ਮੁੱਖ ਮਸਲਿਆਂ ਬਾਰੇ ਸੰਖੇਪ ਜਾਣਕਾਰੀ
- ਸੰਬੰਧਿਤ ਕਾਨੂੰਨ ਨਿਰਮਾਣ ਦਾ ਹਵਾਲਾ, ਅਤੇ
- ਚੰਗੇ ਅਭਿਆਸ਼ ਦੀਆਂ ਉਦਾਹਰਨਾਂ।

ਬਰਾਬਰੀ ਕਾਨੂੰਨ 2010 (Equality Act 2010) ਬਿਆਨ ਕਰਦਾ ਹੈ ਕਿ ਦਾਖਲਾ ਦੇਣ ਵਿੱਚ ਅਤੇ ਵਿੱਦਿਆਰਥੀਆਂ ਲਈ ਲਾਭ, ਸਹੂਲਤਾਂ ਜਾਂ ਸੇਵਾਵਾਂ ਪ੍ਰਦਾਨ ਕਰਨ ਲਈ ਸਕੂਲ ਦਾ ਨਸਲ ਜਾਂ ਧਰਮ ਜਾਂ ਸ਼ਰਧਾ ਦੇ ਅਧਾਰ ਤੇ ਵਿਤਕਰਾ ਕਰਨਾ ਗੈਰ-ਕਾਨੂੰਨੀ ਹੈ

ਇਸ ਤੋਂ ਇਲਾਵਾ, ਜਨਤਕ ਸੰਸਥਾਵਾਂ, ਜਿਸ ਵਿੱਚ ਸਥਾਨਿਕ ਵਿੱਦਿਆ ਹੁਕਮਰਾਨਾਂ ਦੇ ਸਕੂਲ ਵੀ ਸ਼ਾਮਲ ਹਨ, ਤੇ ਵਰਤਮਾਨ ਸਮੇਂ ਨਸਲੀ ਬਰਾਬਰੀ ਫਰਜ਼ (Race Equality Duty) ਲਾਗੂ ਹੁੰਦਾ ਹੈ ਜੋ ਇਨ੍ਹਾਂ ਉੱਪਰ ਕੇਵਲ ਗੈਰ-ਕਾਨੂੰਨੀ ਵਿਤਕਰਾ ਖ਼ਤਮ ਕਰਨ ਪ੍ਰਤੀ ਉਚਿੱਤ ਧਿਆਨ ਦੇਣ ਦੀ ਹੀ ਕਾਨੂੰਨੀ ਜਿੰਮੇਵਾਰੀ ਨਹੀਂ ਲਾਉਂਦਾ, ਪਰ ਨਾਲੇ ਨਸਲ ਦੇ ਅਧਾਰ ਮੌਕਿਆਂ ਦੀ ਬਰਾਬਰੀ ਨੂੰ ਕਿਰਿਆਸ਼ੀਲ ਢੰਗ ਨਾਲ ਪ੍ਰੋਤਸਾਹਿਤ ਕਰਨ ਦੀ ਲੋੜ ਵੱਲ ਵੀ ਧਿਆਨ ਕਰਾਉਂਦਾ ਹੈ।

ਨਜ਼ੀਰੀ ਕਾਨੂੰਨ (case law) ਵੀ ਸਕੂਲ ਵਿੱਚ ਸਿੱਖਾਂ ਦੀਆਂ ਧਾਰਮਿਕ ਵਸਤੂਆਂ ਪਹਿਨਣ ਸੰਬੰਧੀ ਦਰਿਸ਼ਟਾਂਤ ਦਿੰਦਾ ਹੈ, ਜੋ ਅਸੀਂ ਅਗਾਂਹ ਦੇ ਹਿੱਸਿਆਂ ਵਿੱਚ ਵਿਚਾਰਾਂਗੇ।

**ਦਸਤਾਰ**

ਸਿੱਖ ਦੇ ਦਸਤਾਰ ਪਹਿਨਣ ਦੇ ਹੱਕ ਨੂੰ ਅਦਾਲਤਾਂ ਸਵੀਕਾਰ ਕਰਦੀਆਂ ਹਨ। ਮੰਡਲਾ ਬਨਾਮ ਡਾਊਲ-ਲੀ (Mandla v Dowell-Lee) ਦੇ ਕੇਸ ਨੇ ਲੱਭਿਆ ਕਿ (‘ਦਸਤਾਰ ਨਹੀਂ’) (‘no turban’) ਨਿਯਮ ਗੈਰ-ਕਾਨੂੰਨੀ ਵਿਤਕਰਾ ਹੈ ਕਿਉਂ ਕਿ ਸਿੱਖ ਇਹ ਸ਼ਰਤ ਪੂਰੀ ਕਰਨ ਦੇ ਨਾਲ ਆਪਣੀ ਧਾਰਮਿਕ ਰਿਵਾਇਤ ਪੂਰੀ ਨਹੀਂ ਕਰ ਸਕਦੇ।

ਇਸ ਕਰਕੇ ਸਕੂਲਾਂ ਨੂੰ ਬੱਚਿਆਂ (ਦੋਵੇਂ ਲੜਕੇ ਅਤੇ ਲੜਕੀਆਂ) ਨੂੰ ਦਸਤਾਰ, ਜਾਂ ਛੋਟਾ ਰੂਪ (ਪਟਕਾ) ਪਹਿਨਣ ਦੀ ਆਗਿਆ ਦੇਣੀ ਚਾਹੀਦੀ ਹੈ।

**ਕੜਾ**

ਸਿੱਖ ਦੇ ਸਕੂਲੇ ਕੜਾ ਪਹਿਨਣ ਦੇ ਹੱਕ ਨੂੰ ਅਦਾਲਤਾਂ ਸਵੀਕਾਰ ਕਰਦੀਆਂ ਹਨ। ਵਾਟਕਿਨਜ਼-ਸਿੰਘ ਬਨਾਮ ਅਬਰਡੈਅਰ ਗਿਰਲਜ਼ ਹਾਈ ਸਕੂਲ (Watkins-Singh v Aberdare Girls’ High School)[16] ਦੇ ਕੇਸ ਨੇ ਲੱਭਿਆ ਕਿ ਧਾਰਮਿਕ ਅਧਾਰਾਂ ਤੇ ਵਰਦੀ ਦੀ ਨੀਤੀ ਵਿੱਚ ਛੋਟ ਕਰਨੋਂ ਇਨਕਾਰ ਕਰਨਾ ਨਜਾਇਜ਼

[16] ਵਾਟਕਿਨਜ਼-ਸਿੰਘ ਬਨਾਮ ਅਬਰਡੈਅਰ ਗਿਰਲਜ਼ ਹਾਈ ਸਕੂਲ 2007 (Watkins-Singh v Aberdare Girls’ High School 2007)।

ਅਸਿੱਧਾ ਨਸਲੀ ਵਿਤਕਰਾ (unjustified indirect racial discrimination) ਸੀ। ਅਦਾਲਤ ਨੇ ਇਹ ਦਲੀਲ ਨਾਮੰਨਜ਼ੂਰ ਕੀਤੀ ਕਿ ਅਸਿੱਧਾ ਵਿਤਕਰਾ ਤਾਂ ਹੀ ਹੋ ਸਕਦਾ ਹੈ ਜੇ ਕੜਾ ਪਹਿਨਣਾ ਬਿਲਕੁਲ ਲਾਜ਼ਮੀ ਹੋਵੇ, ਅਤੇ ਲੱਭਿਆ ਕਿ ਜੇ ਵਿਅਕਤੀ ਨੂੰ ਕੋਈ ਉਹ ਵਸਤੂ ਪਹਿਨਣੋ ਰੋਕਿਆ ਜਾਵੇ ਜੋ ਉਸ ਦੀ ਧਾਰਮਿਕ ਜਾਂ ਨਸਲੀ ਪਛਾਣ ਲਈ ਬੇਹੱਦ ਮਹਤੱਵਪੂਰਨ ਹੋਵੇ ਤਾਂ ਅਸਿੱਧਾ ਵਿਤਕਰਾ ਹੋ ਸਕਦਾ ਹੈ।

ਇਸ ਕਰਕੇ, ਹਰ ਕੇਸ ਵਿਸ਼ੇਸ਼ ਹਾਲਤਾਂ ਉੱਪਰ ਨਿਰਭਰ ਹੋਵੇਗਾ, ਜੇਵਰ ਪਹਿਨਣ ਦੀ ਮਨਾਹੀ ਵਾਲੇ ਵਰਦੀ ਦੇ ਜਾਬਤੇ ਵਾਲੇ ਸਕੂਲਾਂ ਨੂੰ, ਇਸ ਅਧਾਰ ਤੇ, ਵਿੱਦਿਆਰਥੀਆਂ ਨੂੰ ਕੜ੍ਹਾ ਪਹਿਨਣੋ ਮਨ੍ਹਾ ਨਹੀਂ ਕਰਨਾ ਚਾਹੀਦਾ, ਅਤੇ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਇਹ ਇੱਕ ਧਾਰਮਿਕ ਵਸਤੂ ਹੈ।

ਜਿਥੇ ਸਕੂਲ ਦੀਆਂ ਸਿਹਤ ਅਤੇ ਸੁਰੱਖਿਆ ਪ੍ਰਤੀ ਚਿੰਤਾਵਾਂ ਹੋਣ, ਉਹ ਵਿਦਿਆਰਥੀ ਨੂੰ ਕੜ੍ਹਾ ਢੱਕਣ ਲਈ ਆਖ ਸਕਦੇ ਹਨ, ਉਦਾਹਰਨ ਵੱਜੋਂ, ਖੇਡਾਂ ਕਰਨ ਸਮੇਂ ਸਵੈਟਬਾਂਡ ਨਾਲ।

**ਕਿਰਪਾਨ**

ਜਿਸ ਤਰ੍ਹਾਂ ਪਹਿਲਾਂ ਬਿਆਨਿਆਂ ਗਿਆ ਹੈ, ਅਪਰਾਧਿਕ ਨਿਆਂ ਕਾਨੂੰਨ 1988 (Criminal Justice Act 1988) ਸਕੂਲ ਅਹਾਤੇ ਤੇ ਕੋਲ ਬਲੇਡ ਵਾਲੀ ਜਾਂ ਤਿੱਖੀ ਨੋਕ ਵਾਲੀ ਵਸਤੂ ਰੱਖਣ ਨੂੰ ਇੱਕ ਜੁਰਮ ਬਣਾਉਂਦਾ ਹੈ। ਐਪਰ, ਇਹ ਕਾਨੂੰਨ ਵਿਅਕਤੀ ਲਈ ਖਾਸ ਬਚਾ ਪ੍ਰਦਾਨ ਕਰਦਾ ਹੈ ਜੇ ਉਹ ਸਾਬਤ ਕਰ ਸਕੇ ਕਿ ਉਹ ਕਿਰਪਾਨ ਧਾਰਮਿਕ ਕਾਰਨਾਂ ਕਰਕੇ ਪਹਿਨ ਦਾ ਹੈ।

ਅੰਤ ਵਿੱਚ ਪਹਿਰਾਵੇ ਦੇ ਜਾਬਤੇ ਜਾਂ ਧਾਰਮਿਕ ਵਸਤੂਆਂ ਪਹਿਨਣ ਸੰਬੰਧੀ ਨੀਤੀਆਂ ਵਿਕਸਤ ਕਰਨੀਆਂ ਸਕੂਲ ਦੇ ਗਵਰਨਰਾਂ ਦੀ ਜਿੰਮੇਵਾਰੀ ਹੈ। ਕੁੱਝ ਇਲਾਕਿਆਂ ਵਿੱਚ, ਸਕੂਲਾਂ ਅਤੇ ਸਿੱਖ ਭਾਈਚਾਰੇ ਦੇ ਕੁੱਝ ਵਿਅਕਤੀਆਂ ਨੇ, ਰਾਏ ਪ੍ਰਾਪਤੀ ਅਤੇ ਵਿਚਾਰ ਵਟਾਂਦਰੇ ਦੁਆਰਾ, ਸਿੱਖ ਵਿੱਦਿਆਰਥੀਆਂ ਨੂੰ ਸਕੂਲ ਵਿੱਚ ਕਿਰਪਾਨ ਪਹਿਨਣ ਦੀ ਆਗਿਆ ਦੇਣ ਲਈ ਗੈਰ-ਰਸਮੀ ਸਥਾਨਿਕ ਸਮਝੌਤੇ ਕੀਤੇ ਹਨ। ਇਨ੍ਹਾਂ ਸਮਝੌਤਿਆਂ ਵਿੱਚ ਦੂਜਿਆ ਦੇ ਹੱਕ ਅਤੇ ਸਿਹਤ ਅਤੇ ਸੁਰੱਖਿਆ ਚਿੰਤਾਵਾਂ ਵਿਚਾਰੀਆਂ ਗਈਆਂ ਹਨ।
ਉਦਾਹਰਨ ਵੱਜੋਂ, ਬਰਮਿੰਗਮ (Birmingham), ਰੈਡਬਰਿਜ (Redbridge) ਅਤੇ ਬੈਡਫੋਰਡਸ਼ਰ (Bedfordshire) ਐਲ.ਈ.ਏ. (LEA) ਸੇਧ ਸਿਫ਼ਾਰਸ਼ ਕਰਦੀ ਹੈ ਕਿ ਸਕੂਲਾਂ ਵਿੱਚ ਕਿਰਪਾਨ ਪਹਿਨਣ ਦੀ ਆਗਿਆ ਹੋਣੀ ਚਾਹੀਦੀ ਹੈ।[17]

ਵਿੱਦਿਆ ਵਿਭਾਗ (Department for Education) ਹੋਮ ਆਫ਼ਿਸ ਨਾਲ ਕੰਮ ਕਰ ਰਿਹਾ ਹੈ ਅਤੇ ਆਪਣੀ ਸਕੂਲਾਂ ਲਈ ਕਿਰਪਾਨਾਂ ਪ੍ਰਤੀ ਰਾਹ ਨੁਮਾਈ ਦਾ ਸੰਖੇਪ ਸੁਧਾਰ ਕਰਨ ਬਾਰੇ ਵਿਚਾਰ ਕਰੇਗਾ।

[17] *ਸਿੱਖ ਦਿੱਖ ਅਤੇ ਪਛਾਣ (Sikh Appearance and Identity)* – ਸੰਖੇਪ ਜਾਣਕਾਰੀ ਪੱਤਰ 3, 1999, ਅੰਤਿਕਾ 1 (Briefing Paper 3, 1999, Appendix 1): (ਸਿੱਖ ਵਿੱਦਿਆਰਥੀਆਂ ਦੀ ਕਿਰਪਾਨ ਪਹਿਨਣੀ (The wearing of the kirpan by Sikh pupils): ਰੈਡਬਰਿਜ ਸਕੂਲਾਂ ਲਈ ਰਾਹ ਨੁਮਾਈ (Guidelines for Redbridge Schools). www.redbridgerenet.co.uk/publications.html

## ਕਾਂਡ 4: ਮਾਲ, ਸਹੂਲਤਾਂ ਅਤੇ ਸੇਵਾਵਾਂ

ਇਹ ਭਾਗ ਤੁਹਾਨੂੰ ਹੇਠ ਲਿੱਖਤ ਪ੍ਰਦਾਨ ਕਰੇਗਾ:

- ਮਾਲ, ਸਹੂਲਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਸੰਬੰਧੀ ਮੁੱਖ ਮਸਲਿਆਂ ਬਾਰੇ ਸੰਖੇਪ ਜਾਣਕਾਰੀ ਅਤੇ ਇਹ ਖਾਸ ਧਾਰਮਿਕ ਵਸਤੂਆਂ ਪਹਿਨਣ ਨਾਲ ਕਿਵੇਂ ਸੰਬੰਧਿਤ ਹੈ, ਅਤੇ
- ਚੰਗੇ ਅਭਿਆਸ਼ ਦੀਆਂ ਉਦਾਹਰਨਾਂ।

ਬਰਾਬਰੀ ਕਾਨੂੰਨ 2010 (Equality Act 2010) ਬਿਆਨ ਕਰਦਾ ਹੈ ਕਿ ਕਿਸੇ ਵਿਅਕਤੀ ਨਾਲ ਉਸ ਦੀ ਨਸਲ ਅਤੇ/ਜਾਂ ਧਰਮ ਦੇ ਅਧਾਰ ਤੇ ਮਾਲ, ਸਹੂਲਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਅਤੇ ਜਨਤਕ ਕਾਰਜਾਂ ਕਰਨ ਵਿੱਚ ਵਿਤਕਰਾ ਕਰਨਾ ਗੈਰ-ਕਾਨੂੰਨੀ ਹੈ।

ਇਸ ਤੋਂ ਇਲਾਵਾ, ਜਨਤਕ ਸੰਸਥਾਵਾਂ, ਜਿਸ ਵਿੱਚ ਸਥਾਨਿਕ ਵਿੱਦਿਆ ਹੁਕਮਰਾਨਾਂ ਦੇ ਸਕੂਲ ਵੀ ਸ਼ਾਮਲ ਹਨ, ਤੇ ਵਰਤਮਾਨ ਸਮੇਂ ਨਸਲੀ ਬਰਾਬਰੀ ਫਰਜ਼ (Race Equality Duty) ਲਾਗੂ ਹੁੰਦਾ ਹੈ ਜੋ ਇਨ੍ਹਾਂ ਉੱਪਰ ਕੇਵਲ ਗੈਰ-ਕਾਨੂੰਨੀ ਵਿਤਕਰਾ ਖ਼ਤਮ ਕਰਨ ਪ੍ਰਤੀ ਉਚਿੱਤ ਧਿਆਨ ਦੇਣ ਦੀ ਹੀ ਕਾਨੂੰਨੀ ਜਿੰਮੇਵਾਰੀ ਨਹੀਂ ਲਾਉਂਦਾ, ਪਰ ਨਾਲੇ ਨਸਲ ਦੇ ਅਧਾਰ ਮੌਕਿਆਂ ਦੀ ਬਰਾਬਰੀ ਨੂੰ ਕਿਰਿਆਸ਼ੀਲ ਢੰਗ ਨਾਲ ਪ੍ਰੋਤਸਾਹਿਤ ਕਰਨ ਦੀ ਲੋੜ ਵੱਲ ਵੀ ਧਿਆਨ ਕਰਾਉਂਦਾ ਹੈ। ਫ਼ੈਸਲੇ ਕਰਨ ਸਮੇਂ ਉਨ੍ਹਾਂ ਨੂੰ ਮਾਨਵ ਹੱਕਾਂ ਦਾ ਕਾਨੂੰਨ (Human Rights Act) ਵਿਚਾਰਨ ਦੀ ਵੀ ਲੋੜ ਹੋਵੇਗੀ।

ਧਾਰਮਿਕ ਵਸਤੂਆਂ ਬਾਰੇ ਫੈਸਲੇ ਕਰਨ ਸਮੇਂ, ਅਦਾਲਤਾਂ ਵਿੱਚ ਦੀ ਲਾਗੂ ਕਰਾ ਸਕਣਯੋਗ ਇਨ੍ਹਾਂ ਜਿੰਮੇਵਾਰੀਆਂ ਦੀਆਂ ਵਾਧੂ ਤੈਹਾਂ ਨੂੰ ਉਚਿੱਤ ਸੰਬੱਧਤਾ ਮੁਹਈਆ ਕੀਤੀ ਜਾਂਦੀ ਹੈ। ਅਪਰੈਲ 2011 ਤੋਂ, ਨਸਲੀ ਬਰਾਬਰੀ ਫਰਜ (Race Equality Duty) ਦੀ ਥਾਂ ਤੇ ਇੱਕ ਨਵਾਂ ਇਕੱਲਾ ਜਨਤਕ ਖੇਤਰ ਬਰਾਬਰੀ ਫਰਜ (Public Sector Equality Duty) ਹੋਵੇਗਾ ਜਿਸ ਵਿੱਚ ਸੱਭ ਬਰਾਬਰੀ ਦੇ ਪੱਖ ਜਿਨ੍ਹਾਂ ਵਿੱਚ ਧਰਮ ਜਾਂ ਸ਼ਰਧਾ ਵੀ ਹੈ ਸ਼ਾਮਲ ਹੋਣਗੇ।

ਜਿਥੇ ਜਨਤਕ ਸੰਸਥਾਵਾਂ ਸੇਵਾਵਾਂ ਬਾਹਰ ਠੇਕੇ ਤੇ ਦਿੰਦੀਆਂ ਹੋਣ (ਉਦਾਹਰਨ ਵੱਜੋਂ, ਦਰਵਾਜ਼ਾ-ਰੱਖਿਆ ਜਾਂ ਸੁਰੱਖਿਆ ਸੇਵਾਵਾਂ), ਤਾਂ ਉਨ੍ਹਾਂ ਨੂੰ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਠੇਕੇਦਾਰ ਜਨਤਕ ਖੇਤਰ ਬਰਾਬਰੀ ਫਰਜ (Public Sector Equality Duty) ਦੀ ਪੂਰਤੀ ਕਰਨ। ਇਹ ਕਰਨ ਦਾ ਇੱਕ ਢੰਗ ਇਹ ਹੈ ਕਿ ਉਹ ਆਪਣੇ ਠੇਕੇਦਾਰਾਂ ਨੂੰ ਇਨ੍ਹਾਂ ਫਰਜ਼ਾਂ ਅਧੀਨ ਆਪਣੀਆਂ ਜਿੰਮੇਵਾਰੀਆਂ ਬਾਰੇ ਸੁਚੇਤ ਕਰਨ ਅਤੇ ਸੰਸਥਾ ਦੀਆਂ ਨੀਤੀਆਂ ਬਾਰੇ ਸਪਸ਼ਟੀਕਰਨ ਦੇਣ, ਜਿਸ ਤਰ੍ਹਾਂ ਕਿ ਧਾਰਮਿਕ ਵਸਤੂਆਂ ਪਹਿਨਣ ਵਾਲੇ ਸਿੱਖਾਂ ਵੱਲੋ ਜਨਤਕ ਇਮਾਰਤਾਂ ਵਰਤਣ ਸਮੇਂ ਠੇਕੇਦਾਰਾਂ ਨੂੰ ਉਨ੍ਹਾਂ ਨਾਲ ਜਾਇਜ਼ ਤੌਰ ਤੇ ਕਿਸ ਤਰ੍ਹਾਂ ਪੇਸ਼ ਆਉਣਾ ਚਾਹੀਦਾ ਹੈ।

ਇਸ ਭਾਗ ਵਿੱਚ ਅਸੀਂ ਸਿੱਖਾਂ ਦੀਆਂ ਧਾਰਮਿਕ ਵਸਤੂਆਂ ਪਹਿਨਣ ਸੰਬੰਧੀ ਸੰਭਾਵੀ ਸੱਭ ਤੋਂ ਵੱਧ ਸੇਧ ਦੀ ਲੋੜ ਵਾਲੇ ਖੇਤਰਾਂ ਤੇ ਕੇਂਦ੍ਰਿਤ ਹੁੰਦੇ ਹਾਂ:

- ਜਨਤਕ ਇਮਾਰਤਾਂ ਅੰਦਰ ਜਾਣਾ
- ਸਿਹਤ ਸੇਵਾ, ਅਤੇ

- ਹਵਾਈ ਅੱਡੇ।

**ਜਨਤਕ ਇਮਾਰਤਾਂ ਅੰਦਰ ਜਾਣਾ**

ਇਸ ਰਾਹ ਨੁਮਾਈ ਦੇ ਮੰਤਵਾਂ ਲਈ, ਜਨਤਕ ਇਮਾਰਤਾਂ ਸਰਕਾਰੀ ਅਤੇ ਸਥਾਨਿਕ ਅਥੌਰੀਟੀ ਦੀਆਂ ਇਮਾਰਤਾਂ ਹਨ ਜੋ ਜਨਤਕ ਸੇਵਾਵਾਂ ਪ੍ਰਦਾਨ ਕਰਦੀਆਂ ਹਨ (ਉਦਾਹਰਨ ਵਜੋਂ, ਹਸਪਤਾਲ)। ਨਿਯਮੀ ਤੌਰ ਤੇ, ਜਿਥੇ ਲੋਕਾਂ ਵਿਚੋਂ ਕਿਸੇ ਵਿਅਕਤੀ ਨੂੰ ਬਿਨ੍ਹਾਂ ਕਿਸੇ ਬੰਦਸ਼ ਦਾਖਲ ਹੋਣ ਦੀ ਆਗਿਆ ਹੋਵੇ, ਧਾਰਮਿਕ ਵਸਤੂਆਂ ਪਹਿਨਣ ਸਿਖਾਂ ਉਪਰ ਕੋਈ ਵੀ ਬੰਦਸ਼ ਨਹੀਂ ਲਾਉਣੀ ਚਾਹੀਦੀ, ਕੇਵਲ ਤਾਂ ਹੀ ਲੱਗਣੀ ਚਾਹੀਦੀ ਹੈ ਜੇ ਜਾਇਜ਼ ਕਰਾਰ ਦਿੱਤਾ ਜਾ ਸਕੇ।

ਸੱਭ ਬੰਦਸ਼ਾਂ ਦੀ ਗਿਣਤੀ ਅਤੇ ਹੱਦ ਸੀਮਤ ਹੋਣੀ ਚਾਹੀਦੀ ਹੈ। ਪਤਾ ਕਰਨ ਲਈ ਕਿ ਬੰਦਸ਼ਾਂ ਦੀ ਲੋੜ ਹੈ ਜਾਂ ਨਹੀਂ, ਸੰਸਥਾਵਾਂ ਨੂੰ ਖਤਰੇ ਦਾ ਨਿਰਧਾਰਨ ਕਰਨਾ ਚਾਹੀਦਾ ਹੈ ਅਤੇ ਹੇਠ ਲਿਖਤ ਮਸਲੇ ਵਿਚਾਰਨੇ ਚਾਹੀਦੇ ਹਨ:

- **ਕਾਨੂੰਨੀ:** ਕੀ ਇਸ ਕਾਰਵਾਈ ਦਾ ਕਾਨੂੰਨੀ ਆਧਾਰ ਹੈ?
- **ਵਿਧੀ ਅਨੁਕੂਲ ਟੀਚਾ:** ਕੀ ਇਸ ਪਬੰਧੀ ਲਈ ਵਿਧੀ ਅਨੁਕੂਲ ਕਾਰਨ ਹੈ?
- **ਜ਼ਰੂਰਤ:** ਕੀ ਇਹ ਕਾਰਵਾਈ ਵਿਸ਼ੇਸ਼ ਧਮਕੀ/ਸਮੱਸਿਆ ਨਾਲ ਬਿਲਕੁਲ ਸੰਬੰਧਿਤ ਹੈ?
- **ਤੁਲਵਾਂ:** ਜਿਸ ਧਮਕੀ ਜਾਂ ਸਮੱਸਿਆ ਨਾਲ ਇਸ ਨੇ ਨਜਿੱਠਣਾ ਹੈ ਕੀ ਕੀਤੀ ਜਾਣ ਵਾਲੀ ਕਾਰਵਾਈ ਉਸ ਪ੍ਰਤੀ ਤੁਲਵੀਂ ਹੈ? ਕੀ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ, ਹੋਰ ਕੋਈ ਘੱਟ ਹਾਨੀਕਾਰਕ ਢੰਗ ਹੈ ਜਾਂ ਨਹੀਂ?

ਸੰਸਥਾਵਾਂ ਨੂੰ ਜਾਣੂ ਹੋਣਾ ਚਾਹੀਦਾ ਹੈ ਕਿ ਨਸਲ ਅਤੇ ਧਰਮ ਜਾਂ ਸ਼ਰਧਾ ਵਿਤਕਰਾ ਕਾਨੂੰਨ ਨਿਰਮਾਣ ਦੀ ਉਲੰਘਣਾ ਕਾਰਨ ਸੱਭ ਬੰਦਸ਼ੀ ਨੀਤੀਆਂ ਦਾ ਕਾਨੂੰਨੀ ਵਿਰੋਧ ਕੀਤਾ ਜਾ ਸਕਦਾ ਹੈ।

ਉਨ੍ਹਾਂ ਇਮਾਰਤਾਂ ਜਾਂ ਥਾਵਾਂ ਵਿਚ ਜਿਥੇ ਕਰਮਚਾਰੀਆਂ ਅਤੇ ਮੁਲਾਕਾਤੀਆਂ ਨੂੰ ਸਕਾਨਰ ਵਿਚ ਦੀ ਲੰਘਣਾ ਪਹਿੰਦਾ ਹੈ, ਵਿਵਸਥਾ ਚਲਾਉਣ ਵਾਲਿਆਂ ਨੂੰ ਸਿਖਾਂ ਲਈ ਕਿਰਪਾਨ ਦੀ ਮਹੱਤਤਾ ਅਤੇ ਨਾਲੇ ਸੰਬੰਧਿਤ ਕਾਨੂੰਨ ਨਿਰਮਾਣ, ਜੋ ਇਸ ਰਾਹਨੁਮਾਈ ਵਿਚ ਪਹਿਲਾਂ ਹੀ ਬਿਆਨੀ ਗਈ ਹੈ, ਬਾਰੇ ਜਾਣੂ ਕਰਾਇਆ ਜਾਣਾ ਚਾਹੀਦਾ ਹੈ।

ਚੰਗੇ ਅਭਿਆਸ ਦੀਆਂ ਕਈ ਸੰਸਥਾਵਾਂ ਉਦਾਹਰਨਾਂ ਪੇਸ਼ ਕਰਦੀਆਂ ਹਨ:

- ਵਿਦੇਸ਼ੀ ਅਤੇ ਕੌਮਨਵੈਲਥ ਦਫ਼ਤਰ (ਐਫ ਸੀ ਓ) (Foreign and Commonwealth Office (FCO)) ਸਿਖਾਂ ਦੇ ਵਿਸਾਖੀ (ਜਾਂ ਬਿਸਾਖੀ ਜਾਂ ਵਿਸਾਖੀ) ਦੇ ਧਾਰਮਿਕ ਤਿਉਹਾਰ ਦੀ ਜਸ਼ਨ ਮਨਾਈ ਦੀ ਸਾਲਾਨਾ ਰੀਸੈਪਸ਼ਨ ਤੇ ਹਾਜ਼ਰ ਹੋਣ ਵਾਲੇ ਸਿਖ ਮਹਿਮਾਨਾ ਨੂੰ ਕਿਰਪਾਨ ਪਹਿਨਣ ਦੀ ਆਗਿਆ ਦਿੰਦਾ ਹੈ। ਐਫ ਸੀ ਓ ਸਵੀਕਾਰ ਕਰਦਾ ਹੈ ਕਿ ਕਿਰਪਾਨ ਇਕ ਧਾਰਮਿਕ ਵਸਤੂ ਹੈ ਅਤੇ ਸਿਖਾਂ ਨੂੰ ਇਸ ਨੂੰ ਉਤਾਰਨ ਲਈ ਆਖਣ ਨਾਲ ਬਹੁਤ ਇਤਰਾਜ਼ ਹੋ ਸਕਦਾ ਹੈ।
- ਕੰਮ ਅਤੇ ਪੈਨਸ਼ੰਨ ਦੇ ਵਿਭਾਗ (ਡੀ ਡਬਲਯੂ ਪੀ) (Department for Work and Pensions (DWP)) ਦੀ ਆਪਣੇ ਦਫ਼ਤਰਾਂ ਵਿਚ ਕਿਰਪਾਨ ਪਹਿਨਣ ਸੰਬੰਧੀ ਕੋਈ ਨੀਤੀ ਨਹੀਂ ਅਤੇ ਨਾ ਹੀ ਕੋਈ ਜਾਰੀ ਕਰਨ ਦੀ ਯੋਜਨਾ ਹੈ। ਕਿਉਂ ਕਿ ਕਿਰਪਾਨ ਕੱਪੜਿਆਂ ਦੇ ਹੇਠਾਂ ਦੀ ਪਹਿਣੀ ਜਾਂਦੀ ਹੈ ਅਤੇ ਸਪਸ਼ਟ ਨਜ਼ਰ ਨਹੀਂ ਆਉਂਦੀ, ਡੀ ਡਬਲਯੂ ਪੀ (DWP) ਇਸ ਨੂੰ ਸਿਹਤ ਅਤੇ ਸੁਰੱਖਿਆ ਲਈ ਖਤਰਾ ਨਹੀਂ

ਸਮਝਦੀ। ਆਪਣੇ ਦਫ਼ਤਰਾਂ, ਜਿਸ ਵਿਚ ਜੌਬਸੈਂਟਰ ਪਲੱਸ ਦਫ਼ਤਰ ਵੀ ਸ਼ਾਮਲ ਹਨ, ਵਿਚ ਆਉਂਦੇ ਗਾਹਕਾਂ ਦੀ ਡੀ ਡਬਲਯੂ ਪੀ ਤਲਾਸ਼ੀ ਨਹੀਂ ਲੈਂਦਾ।

- ਹਾਊਜ਼ਜ਼ ਔਫ ਪਾਰਲੀਮੈਂਟ, ਸੰਸਾਰ ਪਰ ਦੇ ਕਈ ਹੋਰ ਪਾਰਲੀਮੈਂਟਾਂ ਦੀ ਤਰ੍ਹਾਂ, ਆਪਣੀਆਂ ਧਾਰਮਿਕ ਵਸਤੂਆਂ, ਜਿਸ ਵਿਚ ਕਿਰਪਾਨ ਵੀ ਸ਼ਾਮਲ ਹੈ, ਪਹਿਨਣ ਵਾਲੇ ਸਿਖਾਂ ਨੂੰ ਦਾਖਲ ਹੋਣ ਦੀ ਆਗਿਆ ਦਿੰਦਾ ਹੈ।
- ਏਚ ਐਮ ਅਦਾਲਤ ਸੇਵਾ (HM Courts Service) ਨੇ ਨਿਆਂਪਾਲਕਾ ਅਤੇ ਸਿਖ ਭਾਈਚਾਰੇ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ, ਸੁਰੱਖਿਅਤ ਅਤੇ ਰੱਖਿਅਕ (Safe and Secure) ਸੁਰੱਖਿਆ ਨੀਤੀ ਵਿਕਸਤ ਕੀਤੀ ਹੈ, ਅਤੇ ਸੱਭ ਅਦਾਲਤਾਂ ਨੂੰ ਸੇਧ ਭੇਜੀ ਹੈ। ਇਹ ਸਪਸ਼ਟ ਕਰਦੀ ਹੈ ਕਿ ਜਿਥੇ ਸਿਖ ਕਿਰਪਾਨ ਪਹਿਣ ਕੇ ਅਦਾਲਤ ਦੀ ਇਮਾਰਤ ਅੰਦਰ ਦਾਖਲ ਹੋਣਾ ਚਾਹੇ, ਉਹ ਦਾਖਲ ਹੋ ਸਕਦਾ ਹੈ ਬਸ਼ਰਤੇ ਕਿ ਬਲੇਡ ਦੀ ਲੰਬਾਈ ਚਾਰ ਇੰਚ ਤੋਂ ਵੱਧ ਅਤੇ ਪੂਰੀ ਕਿਰਪਾਨ ਦੀ ਲੰਬਾਈ ਛੇ ਇੰਚ ਤੋਂ ਵੱਧ ਨਾ ਹੋਵੇ (ਸੀਨੀਅਰ ਮਨੇਜਰ ਦੀ ਰਾਏ ਲੈਣ ਉਪਰੰਤ, ਅਦਾਲਤ ਦੇ ਅਧਿਕਾਰੀ ਜੇ ਬਲੇਡ ਇਨ੍ਹਾਂ ਲੰਬਾਈਆਂ ਤੋਂ ਵੱਧ ਹੋਵੇ ਤਾਂ ਉਸ ਦਾ ਦਾਖਲਾ ਰੋਕ ਸਕਦੇ ਹਨ ਅਤੇ ਜੇ ਕਿਰਪਾਨ ਨਜ਼ਰ ਆ ਰਹੀ ਹੋਵੇ ਤਾਂ ਉਸ ਨੂੰ ਢੱਕਣ ਲਈ ਆਖਿਆ ਜਾ ਸਕਦਾ ਹੈ) ਅਦਾਲਤ ਦੇ ਸੁਰੱਖਿਆ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਕਿ ਕਿਰਪਾਨ ਇਕ ਧਾਰਮਿਕ ਵਸਤੂ ਹੈ, ਅਤੇ ਕਾਨੂੰਨ ਵਿਚ ਬਚਾ ਮੌਜੂਦ ਹੈ।

**ਸਿਹਤ ਸੇਵਾ**

ਰਾਸ਼ਟਰੀ ਸਿਹਤ ਸੇਵਾ (ਐਨ ਏਚ ਐਸ) (National Health Service (NHS)) ਅਤੇ ਵਿਅਕਤੀਗਤ ਹਸਪਤਾਲ (ਉਦਾਹਰਨ ਵਜੋਂ ਬਰਾਡਫੋਰਡ ਹਸਪਤਾਲ[18]) ਅਤੇ ਐਨ ਏਚ ਐਸ਼ ਟਰੱਸਟ (NHS Trusts) ਨੇ ਸਿਖ ਮਰੀਜ਼ਾਂ ਦੀ ਦੇਖਭਾਲ ਅਤੇ ਨਾਲੇ ਸਿਖ ਕਰਮਚਾਰੀਆਂ ਪ੍ਰਤੀ ਸਿਖ ਧਰਮ ਸੰਬੰਧਿਤ ਕੁੱਝ ਗਿਣਤੀ ਦੀ ਰਾਹਨੁਮਾਈ ਉਲੀਕੀ ਹੈ।

2010 ਵਿਚ ਸਿਹਤ ਵਿਭਾਗ (Department of Health) ਨੇ ਆਪਣੇ ਜੇਵਰ ਮਨਾਹੀ ਦੇ ਨਿਯਮਾਂ ਵਿਚ ਢਿੱਲ ਕੀਤੀ ਸੀ ਤਾਂ ਕਿ ਸਿਖ ਵਿਭਾਗੀ ਕਰਮਚਾਰੀ ਕੜਾ ਪਹਿਨ ਸਕਣ ਬਸ਼ਰਤੇ ਕਿ ਮਰੀਜ਼ ਦਾ ਇਲਾਜ਼ ਕਰਦੇ ਹੋਏ ਬਾਂਹ ਦੇ ਉਪਰ ਨੂੰ ਚੜਾ ਕੇ ਰੱਖਣ।

*ਦਸਤਾਰ*

ਦਸਤਾਰ ਉਤਾਰਨ ਲਈ ਬੇਨਤੀ ਸੰਵੇਦਨਸ਼ੀਲ ਢੰਗ ਨਾਲ ਕਰਨੀ ਚਾਹੀਦੀ ਹੈ। ਜੇ ਉਹ ਕਰ ਸਕੇ, ਤਾਂ ਵਿਅਕਤੀ ਨੂੰ ਆਪ ਹੀ ਦਸਤਾਰ ਖੋਲ੍ਹਣ ਜਾਂ ਬੰਨ੍ਹਣ ਦਾ ਮੌਕਾ ਦੇਣਾ ਚਾਹੀਦਾ ਹੈ। ਸ਼ੀਸ਼ਾ ਪ੍ਰਦਾਨ ਕਰਕੇ ਇਸ ਤਰ੍ਹਾਂ ਇਕਾਂਤ ਥਾਂ ਤੇ ਕਰਨਾ ਚਾਹੀਦਾ ਹੈ।

*ਕੜਾ*

ਮਰੀਜ਼ਾਂ ਤੋਂ ਜੇਵਰ ਉਤਾਹਰਨ ਦੀ ਮੰਗ ਕਰਨ ਵਾਲੇ ਸਧਾਰਨ ਨਿਯਮ ਕੜੇ ਉਪਰ ਲਾਗੂ ਨਹੀਂ ਹੋਣੇ ਚਾਹੀਦੇ। ਐਪਰ, ਜਾਇਜ਼ ਮੈਡੀਕਲ ਕਾਰਨਾਂ ਜਾਂ ਸਿਹਤ ਲਈ ਖਤਰੇ ਕਰਕੇ ਮਰੀਜ਼ ਨੂੰ ਇਹ ਉਤਾਹਰਨ ਲਈ ਬੇਨਤੀ ਕੀਤੀ ਜਾ ਸਕਦੀ ਹੈ, ਪਰ ਡਾਕਟਰੀ ਕਰਮਚਾਰੀਆਂ ਨੂੰ ਪਹਿਲਾਂ ਇਹ ਵਿਚਾਰਨਾਂ ਚਾਹੀਦਾ ਹੈ ਕਿ ਕੀ ਇਹ ਖਤਰਾ ਕੜੇ ਨੂੰ ਟੇਪ ਨਾਲ ਢੱਕਣ ਨਾਲ ਖਤਮ ਕੀਤਾ ਜਾ ਸਕਦਾ ਹੈ ਜਾਂ ਨਹੀਂ।

---

[18] http://www.bradfordhospitals.nhs.uk/patients-and-carers/chaplaincy-new/faith-requirements-information/sikhs/

*ਕਿਰਪਾਨ*

ਇਹ ਜਾਇਜ਼ ਤੌਰ ਤੇ ਮੰਗ ਕੀਤੀ ਜਾ ਸਕਦੀ ਹੈ ਕਿ ਗੰਭੀਰ ਮਾਨਸਿਕ ਸਿਹਤ ਰੋਗਾਂ ਦਾ ਇਲਾਜ਼ ਕਰਾ ਰਹੇ ਲੋਕਾਂ ਨੂੰ ਜੋ ਮਾਨਸਿਕ ਤੌਰ ਤੇ ਸਮਰੱਥ ਅਤੇ ਆਪਣੀਆਂ ਹਰਕਤਾਂ ਲਈ ਜ਼ੁੰਮੇਵਾਰ ਨਹੀਂ ਹਨ ਉਨ੍ਹਾਂ ਨੂੰ ਕਿਰਪਾਨ ਪਹਿਨਣ ਦੀ ਸ਼ਾਇਦ ਆਗਿਆ ਨਾ ਦਿੱਤੀ ਜਾਵੇ। ਇਸ ਸਥਿੱਤੀ ਵਿਚ, ਦੋਵੇਂ ਹੁਕਮਰਾਨਾ ਅਤੇ ਸਿਖ ਭਾਈਚਾਰੇ ਦਾ ਫਰਜ਼ ਬਣਦਾ ਹੈ ਕਿ ਇਸ ਤਰ੍ਹਾਂ ਦੇ ਮਰੀਜ਼ਾਂ ਨੂੰ ਆਪਣਾ ਅਤੇ ਦੂਜਿਆਂ ਦਾ ਨੁਕਸਾਨ ਕਰਨੋਂ ਯਕੀਨੀ ਤੌਰ ਤੇ ਰੋਕਿਆ ਜਾਵੇ। ਸਿਹਤ ਕਰਮਚਾਰੀਆਂ ਨੂੰ ਹਰ ਇਕ ਮਰੀਜ਼ ਦਾ ਉਚਿੱਤ ਖਤਰੇ ਦਾ ਨਿਰਧਾਰਨ ਕਰਨਾ ਚਾਹੀਦਾ ਹੈ ਅਤੇ ਜੇ ਸੰਭਵ ਹੋਵੇ, ਤਾਂ ਸਿਖ ਭਾਈਚਾਰੇ ਨਾਲ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ।

**ਹਵਾਈ ਅੱਡੇ**

ਯੂ ਕੇ ਦੇ ਹਵਾਈ ਅੱਡਿਆਂ ਤੇ ਕੰਮ ਕਰਨ ਵਾਲੇ ਕਰਮਚਾਰੀ, ਜਿਨ੍ਹਾਂ ਵਿਚ ਹਵਾਈ ਪੱਟੜੀ ਤੇ ਕੰਮ ਕਰਨ ਵਾਲੇ ਸ਼ਾਮਲ ਹਨ, ਨੂੰ ਡਿਊਟੀ ਤੇ ਧਾਰਮਿਕ ਵਸਤੂਆਂ ਪਹਿਨਣ ਦੀ ਆਗਿਆ ਹੈ।[19] ਹੇਠ ਲਿਖਤ ਰਾਹਨੁਮਾਈ ਸਿਖਾਂ ਦੀਆਂ ਧਾਰਮਿਕ ਵਸਤੂਆਂ ਪਹਿਨਣ ਵਾਲੀਆਂ ਸਵਾਰੀਆਂ ਤੇ ਕੇਂਦ੍ਰਿਤ ਹੈ।

*ਦਸਤਾਰ*

ਹਵਾਈ ਅੱਡਿਆਂ ਦੇ ਅਫ਼ਸਰਾਂ ਨੂੰ ਦਸਤਾਰਾਂ ਨਾਲ ਸੰਬੰਧਿਤ ਜਾਂਚ ਸੰਵੇਧਨਸ਼ੀਲਤਾ ਨਾਲ ਕਰਨੀ ਚਾਹੀਦੀ ਹੈ। ਅਧਿਕਾਰੀਆਂ ਨੂੰ ਸਵਾਰੀ ਤੋਂ ਦਸਤਾਰ ਉਤਾਰਨ ਦੀ ਮੰਗ ਕੇਵਲ ਤਾਂ ਹੀ ਕਰਨੀ ਚਾਹੀਦੀ ਹੈ ਜੇ ਅਲਾਰਮ ਵੱਜਣ ਦਾ ਕੋਈ ਜਾਇਜ਼ ਕਾਰਨ ਨਾ ਲੱਭਿਆ ਜਾ ਸਕੇ ਜਾਂ ਛਪਾਈਆਂ ਚੀਜ਼ਾਂ ਬਾਰੇ ਛੱਕ ਹੋਵੇ। ਸਵਾਰੀ ਨੂੰ ਆਪ ਹੀ ਦਸਤਾਰ ਖੋਲ੍ਹਣ ਜਾਂ ਬੰਨ੍ਹਣ ਦਾ ਮੌਕਾ ਦੇਣਾ ਚਾਹੀਦਾ ਹੈ, ਸ਼ੀਸ਼ਾ ਪ੍ਰਦਾਨ ਕਰਕੇ, ਇਕਾਂਤ ਥਾਂ ਤੇ ਅਤੇ ਕੇਵਲ ਉਸੇ ਲਿੰਗ ਦੇ ਅਫ਼ਸਰਾਂ ਦੀ ਨਿਗਰਾਨੀ ਹੇਠ।

*ਕੜਾ*

ਹਵਾਈ ਅੱਡਿਆਂ ਲਈ ਕੜੇ ਨੂੰ ਕੋਈ ਚਿੰਤਾ ਪੈਦਾ ਨਹੀਂ ਕਰਨੀ ਚਾਹੀਦੀ। ਕੜੇ ਨਾਲ ਹਵਾਈ ਅੱਡਿਆਂ ਦੇ ਸਕਾਨਰ ਵੱਜਣੇ ਸ਼ੁਰੂ ਹੋ ਸਕਦੇ ਹਨ ਪਰ ਇਸ ਨੂੰ ਸਿਖ ਨੂੰ ਕੜਾ ਉਤਾਰਨ ਦੀ ਮੰਗ ਕਰਨ ਲਈ ਬਹਾਨਾ ਨਹੀਂ ਵਰਤਣਾ ਚਾਹੀਦਾ। ਜਿਥੇ ਵਿਅਕਤੀ ਨੂੰ ਹੋਰ ਕਿਸੇ ਕਾਰਨ ਕਰਕੇ ਕੜਾ ਉਤਾਰਨ ਲਈ ਬੇਨਤੀ ਕੀਤੀ ਜਾਵੇ, ਤਾਂ ਇਹ ਸਵੇਧਨਸ਼ੀਲਤਾ ਨਾਲ ਕਰਨੀ ਚਾਹੀਦੀ ਹੈ।

*ਕਿਰਪਾਨ*

ਹਵਾਈ ਅੱਡੇ (ਇੰਡੀਆ ਵਿਚਕਾਰ ਘਰੇਲੂ ਉਡਾਹਣਾ ਤੋਂ ਇਲਾਵਾ) ਸਵਾਰੀਆਂ ਨੂੰ ਦੋਵੇਂ ਹਵਾਈ ਪੱਟੜੀ ਅਤੇ ਜਹਾਜ਼ ਦੇ ਅੰਦਰ ਕਿਰਪਾਨ ਪਹਿਨਣ ਦੀ ਮਨਾਹੀ ਕਰਦੇ ਹਨ।

ਹਵਾਈ ਅੱਡੇ ਮੰਗ ਕਰਦੇ ਹਨ ਕਿ ਕਿਰਪਾਨ ਹੋਲਡ ਬੈਗਿਜ ਵਿਚ ਸਵਾਰੀਆਂ ਖੁੱਦ ਆਪ ਰੱਖਣ। ਜੇ ਸਵਾਰੀ ਕੋਲ ਹੋਲਡ ਬੈਗਿਜ ਨਾ ਹੋਵੇ, ਤਾਂ ਉਸ ਨੂੰ ਕਿਰਪਾਨ ਚੈਕ-ਇਨ ਕਰਮਚਾਰੀਆਂ ਨੂੰ ਫੜਾ ਦੇਣੀ ਚਾਹੀਦੀ ਹੈ, ਜੇ ਹੋ ਸਕੇ ਤਾਂ ਇਵ ਵੱਡੇ ਲਫਾਫੇ ਜਾਂ ਪਾਕਿਜ ਵਿਚ। ਇਸ ਨੂੰ ਜਹਾਜ਼ ਅੰਦਰ ਕਰਮਚਾਰੀਆਂ ਨੂੰ ਦੇ ਦਿੱਤਾ ਜਾਵੇਗਾ ਜੋ ਇਸ ਨੂੰ ਸਫਰ ਪੂਰਾ ਹੋਣ ਤੇ ਵਾਪਸ ਕਰ ਦੇਣਗੇ।

---

[19] ਟਰਾਂਸਪੋਰਟ ਦੇ ਵਿਭਾਗ (Department For Transport) ਵਲੋਂ ਸੱਭ ਹਵਾਈ ਅੱਡਿਆਂ ਦੇ ਮਨੇਜਰਾਂ, ਹਵਾਈ ਜਹਾਜ਼ ਚਲਾਉਣ ਵਾਲਿਆਂ, ਭੋਜਨ ਪ੍ਰਬੰਧ ਕਰਨ ਵਾਲਿਆਂ ਨੂੰ ਚਿੱਠੀ - 3 ਜੁਲਾਈ 2002

ਟਰਾਂਸਪੋਰਟ ਦਾ ਵਿਭਾਗ (Department of Transport) ਹਵਾਈ ਅੱਡਿਆਂ ਤੇ ਸਿਖਾਂ ਦੀਆਂ ਧਾਰਮਿਕ ਵਸਤੂਆਂ ਬਾਰੇ ਰਾਹਨੁਮਾਈ ਵਿਕਸਤ ਕਰਨ ਦੀ ਕਾਰਵਾਈ ਕਰ ਰਿਹਾ ਹੈ, ਅਤੇ ਇਹ ਉਨ੍ਹਾਂ ਦੇ ਵੈਬਸਾਈਟ ਤੇ ਆ ਜਾਵੇਗੀ।

## ਕਾਂਡ 5: ਹੋਰ ਸਹਾਰਾ

ਬਰਾਬਰੀ ਅਤੇ ਮਾਨਵ ਹੱਕਾਂ ਦਾ ਕਮਿਸ਼ਨ (Equality and Human Rights Commission) ਮਾਲਕਾਂ ਅਤੇ ਨਾਲੇ ਮੁਲਾਜ਼ਮਾਂ ਲਈ ਵਿਤਕਰੇ ਅਤੇ ਮਾਨਵ ਹੱਕਾਂ ਦੇ ਮਸਲਿਆਂ ਬਾਰੇ ਜਾਣਕਾਰੀ ਅਤੇ ਰਾਹਨੁਮਾਈ ਪ੍ਰਦਾਨ ਕਰ ਰਹੀ ਮਦਦਲਾਈਨ ਚਲਾਉਂਦਾ ਹੈ। ਇਸ ਤੋਂ ਇਲਾਵਾ, ਕਮਿਸ਼ਨ ਦਾ ਵੈਬਸਾਈਟ – www.equalityhumanrights.com – ਮਾਲਕਾਂ ਲਈ ਬਰਾਬਰੀਆਂ ਅਤੇ ਮਾਨਵ ਹੱਕਾਂ ਦੇ ਕਾਨੂੰਨ ਨਿਰਮਾਨ ਪ੍ਰਤੀ ਰਾਹਨੁਮਾਈ, ਅਤੇ ਨਾਲੇ ਚੰਗੇ ਅਭਿਆਸ ਦੀਆਂ ਉਦਾਹਰਨਾਂ ਵੀ ਪ੍ਰਦਾਨ ਕਰਦਾ ਹੈ।

ਮਦਦਲਾਈਨ ਟੈਲੀਫ਼ੋਨ, ਟੈਕਸਟਫ਼ੋਨ, ਚਿੱਠੀ, ਈ-ਮੇਲ ਜਾਂ ਫ਼ੈਕਸ ਦੁਆਰਾ ਚਲਦੀ ਹੈ। ਇਸ ਮਦਦਲਾਈਨ ਦਾ ਵੇਰਵਾ ਇਸ ਰਾਹਨੁਮਾਈ ਦੀ ਪਿਛਲੀ ਜਿਲਦ ਦੇ ਅੰਦਰਲੇ ਪਾਸੇ ਛਾਪਿਆ ਹੋਇਆ ਹੈ।

ਕਿਸੇ ਮਸਲੇ ਬਾਰੇ ਪਹਿਲੀ ਵਾਰੀ ਕਮਿਸ਼ਨ ਨਾਲ ਡਾਕ ਰਾਹੀਂ ਸੰਪਰਕ ਕਰ ਰਹੇ ਵਿਅਕਤੀ ਨੂੰ ਚਿੱਠੀ ਨਾਲ ਕੋਈ ਵੀ ਦਸਤਾਵੇਜ਼ ਨਾ ਭੇਜਣ ਦੀ ਸਲਾਹ ਦਿੱਤੀ ਜਾਂਦੀ ਹੈ। ਕਮਿਸ਼ਨ ਸਲਾਹ ਦੇਵੇਗਾ ਕਿ ਹੋਰ ਜਾਣਕਾਰੀ ਦੀ ਲੋੜ ਹੈ ਜਾਂ ਨਹੀਂ।

ਅੰਗਰੇਜ਼ੀ ਤੋਂ ਇਲਾਵਾ ਹੋਰ ਕਿਸੇ ਭਾਸ਼ਾ ਵਿਚ ਮਦਦਲਾਈਨ ਦੇ ਕਿਸੇ ਵਿਅਕਤੀ ਨਾਲ ਗੱਲ ਕਰਨ ਲਈ, ਕਿਰਪਾ ਕਰਕੇ ਉਪਰੋਕਤ ਵਰਨਨ ਕੀਤੇ ਤਰੀਕਿਆਂ ਵਿਚੋਂ ਕਿਸੇ ਵੀ ਦੁਆਰਾ ਕਮਿਸ਼ਨ ਨਾਲ ਸੰਪਰਕ ਕਰਕੇ ਸਾਨੂੰ ਦੱਸੋ ਕਿ ਤੁਸੀਂ ਕਿਹੜੀ ਭਾਸ਼ਾ ਵਰਤਣੀ ਚਾਹੁੰਦੇ ਹੋ। ਅਸੀਂ ਜਲਦੀ ਤੋਂ ਜਲਦੀ ਤੁਹਾਡੀ ਪਸੰਦ ਦੀ ਭਾਸ਼ਾ ਵਿਚ ਤੁਹਾਡੇ ਨਾਲ ਸੰਪਰਕ ਕਰਨ ਦਾ ਪ੍ਰਬੰਧ ਕਰਾਂਗੇ।

ਸਿਖ ਧਰਮ ਬਾਰੇ ਵਧੇਰੇ ਜਾਣਕਾਰੀ ਇਸ ਸੇਧ ਵਿਚ ਯੋਗਦਾਨ ਪਾਉਣ ਵਾਲੀਆਂ ਸਿਖ ਸੰਸਥਾਵਾਂ ਦੇ ਵੈਬਸਾਈਟਾਂ ਤੇ ਜਾ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ:

ਬਰਿਟਿਸ਼ ਸਿਖ ਕੌਨਸੁਲਟਾਟਿਵ ਫੌਰਮ
(British Sikh Consultative Forum) ਈ-ਮੇਲ: admin@bscf.org

ਬਰਿਟਿਸ਼ ਸਿਖ ਫੈਡਰੇਸ਼ਨ
(British Sikh Federation) http://www.british-sikh-federation.org

ਨੈਟਵਰਕ ਔਫ ਸਿਖ ਔਰਗਾਨਾਈਜ਼ੇਸ਼ਨਜ਼
(Network of Sikh Organisations) http://www.nsouk.co.uk

ਸੀਖਸ ਇਨ ਇੰਗਲੰਡ
(Sikhs in England) http://www.sikhs.org.uk

ਸਿਖ ਫੈਡਰੇਸ਼ਨ (ਯੂ ਕੇ)
(Sikh Federation (UK)) http://www.sikhfederation.com

ਸਿਖ ਮਿਸ਼ਨਰੀ ਸੁਸਾਈਟੀ ਯੂ ਕੇ
(Sikh Missionary Society UK) http://www.sikhmissionarysociety.org

ਸਿਖ ਵਿਮਿਨਜ਼ ਅਲਾਈਨਸ
(Sikh Women’s Alliance) http://www.sikhwomensalliance.com

ਯੂਨਾਈਟਡ ਸੀਖਸ
(UNITED SIKHS) http://www.unitedsikhs.org